Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਜੁਲਾਈ 2017 ਮਾਸਿਕ ਮੁੱਲ : 15/-



ਸਾਉਣ ਦਾ ਮਹੀਨਾ ਬਾਗਾਂ ਵਿਚ ਬੋਲਣ ਮੋਰ ਵੇ,
ਜਾਹ ਮੈਂ ਨਹੀਂ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸਾਵਣ ਦਾ ਮਹੀਨਾ ਤੇ ਤੀਆਂ ਦਾ ਤਿਉਹਾਰ



ਪੰਜਾਬ ਦੀ ਧਰਤੀ ਨੂੰ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬ ਦੇ ਸਭਿਆਚਾਰ ਤੇ ਸੰਸਕ੍ਰਿਤੀ ਦਾ ਅਕਸ ਇਥੋਂ ਦੇ ਤਿਉਹਾਰਾਂ ਦੇ ਦਰਪਣ ਵਿਚੋਂ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਰੁੱਤਾਂ ਤੇ ਫਸਲਾਂ ਦੇ ਗ਼ਲ ਨਾਲ ਲਿਪਟੇ ਵਿਭਿੰਨ ਤਿਉਹਾਰ ਪੰਜਾਬੀ ਜੀਵਨ ਦੇ ਸਭਿਆਚਾਰ ਨੂੰ ਆਪਣੇ ਦਾਮਨ ਨਾਲ ਲਪੇਟੀ ਸਮੇਂ ਦੇ ਹਾਣੀ ਬਣਦੇ ਆ ਰਹੇ ਹਨ। ਪੰਜਾਬੀ ਲੋਕ ਗੀਤਾਂ ਵਿਚ ਇਨ੍ਹਾਂ ਤਿਉਹਾਰਾਂ ਦਾ ਜ਼ਿਕਰ ਜਿਥੇ ਹਰ ਦਿਲ ਦੀ ਧੜਕਣ ਬਣਿਆ ਹੈ, ਉਥੇ ਲੋਕ ਗੀਤਾਂ ਨੇ ਇਨ੍ਹਾਂ ਤਿਉਹਾਰਾਂ ਨੂੰ ਲੋਕਪ੍ਰਿਯ ਵੀ ਬਣਾਇਆ ਹੈ।

ਰੁੱਤਾਂ ਨਾਲ ਸੰਬੰਧਤ ਤਿਉਹਾਰਾਂ ਵਿਚੋਂ ਸਾਉਣ ਮਹੀਨੇ ਆਉਣ ਵਾਲਾ ਖਾਸ ਕਰਕੇ ਪੇਂਡੂ ਜੀਵਨ ਦਾ ਮਹੱਤਵਪੂਰਨ ਤਿਉਹਾਰ 'ਤੀਆਂ ਦਾ ਤਿਉਹਾਰ' ਹੈ। ਪੰਜਾਬ ਦੀਆਂ ਮੁਟਿਆਰਾਂ ਤੇ ਕੁੜੀਆਂ ਚਿੜੀਆਂ ਇਸ ਤਿਉਹਾਰ ਨੂੰ ਬੜੇ ਹੀ ਚਾਅ ਨਾਲ ਮਨਾਉਂਦੀਆਂ ਹਨ। ਇਸ ਤਿਉਹਾਰ ਦਾ ਆਗਾਜ਼ ਸਾਉਣ ਮਹੀਨੇ ਦੀ ਮੱਸਿਆ ਤੋਂ ਬਾਅਦ ਤੀਜ ਤੋਂ ਹੁੰਦਾ ਹੈ ਤੇ ਪੁੰਨਿਆ ਤੱਕ ਚੱਲਦਾ ਹੈ। ਜਦੋਂ ਬਾਗਾਂ ਵਿਚ ਮੋਰ ਪੈਲਾਂ ਪਾਉਂਦੇ ਹਨ, ਅੰਬਾਂ ਉਤੇ ਕੋਇਲ ਕੂਕਦੀ ਹੈ, ਘਨਘੋਰ ਘਟਾਵਾਂ ਆਸਮਾਨ ਦੀ ਹਿੱਕ 'ਤੇ ਮੰਡਲਾਂਦੀਆਂ ਹਨ, ਕੁਦਰਤ ਆਪਣੇ ਪੂਰੇ ਜੋਬਨ ਉਤੇ ਨੱਚ ਉਠਦੀ ਹੈ, ਝਾਂਜਰਾਂ ਦੇ ਬੋਲ ਕੰਨਾਂ ਵਿਚ ਮਿੱਠਾ ਮਿੱਠਾ ਰਸ ਘੋਲੇ ਹਨ ਤਾਂ ਮਾਨੋ ਤੀਆਂ ਦੀ ਆਮਦ ਦਾ ਸੁਨੇਹਾ ਮਿਲ ਜਾਂਦਾ ਹੈ।

ਨੌਜਵਾਨ ਫੌਜ ਵਿਚ ਦੇਸ਼ ਦੀ ਸੇਵਾ ਕਰਦੇ ਹਨ। ਇਕ ਨੌਜਵਾਨ ਫੌਜੀ ਨੂੰ ਸਾਰਾ ਸਾਲ ਛੁੱਟੀ ਨਹੀਂ ਮਿਲਦੀ ਤਾਂ ਉਸ ਦੀ ਨਵੀਂ ਵਿਆਹੀ ਵਹੁਟੀ ਸਾਵਨ ਦੇ ਮਹੀਨੇ ਵਿਚ ਆਉਣ ਵਾਲੀਆਂ ਤੀਆਂ ਦੀ ਉਡੀਕ ਕਰਦੀ ਹੈ ਅਤੇ ਚਿੱਠੀ ਰਾਹੀਂ ਆਪਣੇ ਮਾਹੀ ਨੂੰ ਇਸ ਪ੍ਰਕਾਰ ਬੇਨਤੀ ਕਰਦੀ ਹੈ :-

ਸਾਉਣ ਦੇ ਮਹੀਨੇ ਵਾਂਗ ਤੂੰ ਵੀ ਮਾਹੀ ਆ ਜਾ ਵੇ,
ਬਿਰਹੋਂ ਦੀ ਅੱਗ ਲਗੀ, ਆ ਕੇ ਬੁਝਾ ਜਾ ਵੇ।
ਤੀਜ ਦੇ ਸਾਉਣ ਵਾਂਗੂ ਉਵੇ ਫੇਰਾ ਪਾ ਜਾ ਵੇ,
ਜਿਵੇਂ ਆਈ ਤੀਜ ਉਵੇ ਮਾਹੀਆ ਆ ਜਾ ਵੇ ।
ਇਹ ਤਾਂ ਮੈਨੂੰ ਪਤਾ ਹੈ ਕਿ ਤੇਰੀ ਸਰਹੱਦ ਤੇ ਲੋੜ ਹੈ,
ਤੇਰੀ ਮਹਿਸੂਸ ਹੁੰਦੀ ਤੇਰੀ ਪ੍ਰੀਤ ਨੂੰ ਵੀ ਥੋੜ ਹੈ।

ਛੇਤੀ ਛੁੱਟੀ ਲੈ ਕੇ ਹਾੜਾ ਹੁਣ ਆ ਜਾ ਵੇ,
ਉਨੇ ਦਿਨ ਮੈ ਰਹਾਂਗੀ ਤਾਰੇ ਨਿੱਤ ਗਿਣਦੀ।
ਟਿਮਟਿਮਾਉਂਦੀ ਜੋਤ ਵਿਚ ਆ ਕੇ ਤੇਲ ਪਾ ਜਾ ਵੇ,
ਸਾਉਣ ਦੇ ਮਹੀਨੇ ਵਾਂਗ ਤੂੰ ਵੀ ਮਾਹੀ ਆ ਜਾ ਵੇ।

ਰਖੂੰ ਤੇਰੇ ਆਉਣ ਦੀ ਮੈਂ ਕਰਕੇ ਤਿਆਰੀ ਵੇ,
ਪਾਵਾਂਗੀ ਮੈਂ ਸੂਟ ਲਿਆਂਦਾ ਨਸਵਾਰੀ ਵੇ।
ਬਾਹਾਂ ਗੋਰੀਆਂ ਵਿਚ ਆ ਕੇ ਤੂੰ ਸਮਾ ਜਾ ਵੇ,
ਸਾਉਣ ਦੇ ਮਹੀਨੇ ਵਾਂਗ ਤੂੰ ਵੀ ਮਾਹੀ ਆ ਜਾ ਵੇ।

ਤੀਆਂ ਤੋਂ ਕੁਝ ਦਿਨ ਪਹਿਲਾਂ ਹੀ ਸੱਜ-ਵਿਆਹੀਆਂ ਮੁਟਿਆਰਾਂ ਆਪਣੇ ਦਿਲਾਂ ਅੰਦਰ ਸੱਧਰਾਂ ਤੇ ਚਾਅ ਸਾਂਭ ਕੇ ਆਪਣੇ ਸਹੁਰੇ ਘਰਾਂ ਤੋਂ ਪੇਕਿਆਂ ਨੂੰ ਕੂਚ ਕਰਨ ਲੱਗ ਪੈਂਦੀਆਂ ਹਨ। ਬਾਬਲ ਦੇ ਵਿਹੜੇ ਵਿਚ ਪੈਰ ਪਾਉਣ ਦਾ ਚਾਅ ਜਿਵੇਂ ਡੁੱਲ੍ਹ-ਡੁੱਲ੍ਹ ਪੈਂਦਾ ਹੋਵੇ।

ਕੋਈ ਮੁਟਿਆਰ ਆਪਣੇ ਕੰਤ ਨੂੰ ਸਾਉਣ ਮਹੀਨਾ ਆਉਣ ਸਾਰ ਹੀ ਤਰਲਾ ਕਰ ਉਠਦੀ ਹੈ-

ਚੰਨਾ ਇਕ ਗੱਲ ਮੰਨ ਲੈ ਮੇਰੀ, ਮਿੰਨਤਾਂ ਕਰ ਕਰ ਹਾਰੀ।
ਵੇ ਤੀਆਂ ਦਾ ਮਹੀਨਾ ਢੋਲਣਾ, ਪੇਕੀਂ ਘੱਲਦੇ ਸਵੇਰ ਵਾਲੀ ਲਾਰੀ।

ਤੇ ਜੇ ਕੋਈ ਮਨਚਲਾ ਗੱਭਰੂ ਸਾਉਣ ਮਹੀਨੇ ਵਿਚ ਭੁੱਲ-ਭੁਲੇਖੇ ਆਪਣੀ ਦੁਲਹਨ ਨੂੰ ਲੈਣ ਲਈ ਸਹੁਰੇ ਘਰ ਜਾ ਬਹਿੰਦਾ ਹੈ ਤਾਂ ਉਸਨੂੰ ਆਪਣੀ ਮੁਟਿਆਰ ਦੇ ਬੋਲ ਸੁਣ ਕੇ ਹੀ ਨਿਰਾਸ਼ ਹੋ ਕੇ ਵਾਪਸ ਮੁੜਨਾ ਪੈਂਦਾ ਹੈ-

**ਸਾਉਣ ਦਾ ਮਹੀਨਾ ਬਾਗਾਂ ਵਿਚ ਬੋਲਣ ਮੋਰ ਵੇ,**

**ਜਾਹ ਮੈਂ ਨਹੀਂ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ।**

ਤੀਆਂ ਤੋਂ ਕੁਝ ਦਿਨ ਪਹਿਲਾਂ ਸੱਜ-ਵਿਆਹੀਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਸਹੁਰੇ ਘਰਾਂ ਤੋਂ ਲੈਣ ਲਈ ਜਾਂਦੇ ਹਨ। ਆਪਣੇ ਵੀਰਾਂ ਦੀ ਉਡੀਕ ਉਨ੍ਹਾਂ ਦੇ ਮਨਾਂ ਵਿਚ ਖੋਰੂ ਪਾਉਣ ਲੱਗ ਪੈਂਦੀ ਹੈ। ਉਹ ਕੋਠੇ ਤੋਂ ਕਾਵਾਂ ਨੂੰ ਉਡਾਉਂਦੀਆਂ ਹਨ ਤੇ ਔਸੀਆਂ ਪਾਉਂਦੀਆਂ ਹਨ। ਤੇ ਅਖੀਰ ਇਜਹਾਰ ਦੀਆਂ ਘੜੀਆਂ ਉਦੋਂ ਖਤਮ ਹੋ ਜਾਂਦੀਆਂ ਹਨ ਜਦੋਂ ਭੈਣ ਦਾ ਵੀਰ ਉਸਨੂੰ ਨਜ਼ਰੀਂ ਪੈ ਜਾਂਦਾ ਹੈ। ਖੁਸ਼ੀ ਵਿਚ ਨੱਚਦੀ ਹੋਈ ਉਹ ਸਹੇਲੀਆਂ ਨੂੰ ਦੱਸਦੀ ਹੈ -

**ਹੱਥ ਛਤਰੀ ਰੁਮਾਲ ਪੱਲੇ ਸੇਵੀਆਂ,**

**ਨੀ ਓਹ ਮੇਰਾ ਵੀਰ ਕੁੜੀਓ।**

ਤੇ ਜੇ ਕਿਸੇ ਬਦਨਸੀਬ ਭੈਣ ਦਾ ਵੀਰ ਤੀਆਂ ਨੂੰ ਆਪਣੀ ਭੈਣ ਨੂੰ ਲੈਣ ਨਹੀਂ ਆਉਂਦਾ ਤਾਂ ਉਸ ਵਿਚਾਰੀ ਨੂੰ ਕੌੜੇ ਸੁਭਾਅ ਵਾਲੀ ਸੱਸ ਦੇ ਤਾਹਨੇ-ਮੇਹਣੇ ਵੀ ਸੁਣਨੇ ਪੈਂਦੇ ਹਨ-

**ਤੈਨੂੰ ਤੀਆਂ ਨੂੰ ਲੈਣ ਨਾ ਆਏ,**

**ਨੀ ਬਹੁਤਿਆਂ ਭਰਾਵਾਂ ਵਾਲੀਏ।**

ਕਿਸੇ ਮਜਬੂਰੀ ਕਾਰਨ ਜੋ ਸੱਜ-ਵਿਆਹੀਆਂ ਕੁੜੀਆਂ ਪੇਕੇ ਘਰ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਮਾਂ-ਪਿਉ ਸੰਧਾਰਾ ਭੇਜਦੇ ਹਨ। ਇਸ ਸੰਧਾਰੇ ਵਿਚ ਕੁੜੀ ਲਈ ਸੂਟ, ਮੱਠੀਆਂ, ਰਿਓੜੀਆਂ, ਗੁਲਗੁਲੇ, ਚੂੜੀਆਂ, ਮਹਿੰਦੀ ਅਤੇ ਰੇਸ਼ਮ ਦੀ ਰੱਸੀ ਸ਼ਗਨ ਦੇ ਤੌਰ 'ਤੇ ਭੇਜੀ ਜਾਂਦੀ ਹੈ। ਕਈ ਲੋਕ ਸੰਧਾਰੇ ਵਿਚ ਸੋਨੇ ਦੇ ਗਹਿਣੇ ਵੀ ਬਣਵਾ ਕੇ ਭੇਜਦੇ ਹਨ।

ਤੀਆਂ ਦੀ ਖਿੱਚ ਦਾ ਸਭ ਤੋਂ ਮਹੱਤਵਪੂਰਨ ਕਾਰਨ ਗਿੱਧਾ ਤੇ ਪੀਂਘ ਝੂਟਣਾ ਹੈ। ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਦੇ ਬੋਲ ਫ਼ਿਜ਼ਾ ਵਿਚ ਮਿਸਰੀ ਘੋਲਣ ਲੱਗ ਪੈਂਦੇ ਹਨ। ਗਿੱਧੇ ਵਿਚ ਜਿਵੇਂ ਜਵਾਨੀ ਦਾ ਹੜ ਆ ਗਿਆ ਹੋਵੇ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੀ ਜਗ੍ਹਾ 'ਤੇ ਉਹ ਨੱਚਦੀਆਂ-ਟੱਪਦੀਆਂ, ਹੱਸਦੀਆਂ-ਖੇਡਦੀਆਂ ਆਪਣੇ ਹੁਸਨ ਦੀ ਸੁਗੰਧੀ ਖਿੰਡਾਉਂਦੀਆਂ ਹਨ। ਆਪਣੀਆਂ ਸਖੀਆਂ-ਸਹੇਲੀਆਂ ਦੇ ਗਲ ਲਿਪਟ ਕੇ ਆਪਣੇ ਦੁੱਖ-ਦਰਦ ਸਾਂਝੇ ਕਰਦੀਆਂ ਹਨ। ਪੀਂਘ ਤੋਂ ਥੱਕ ਕੇ ਜਦੋਂ ਪੰਜਾਬਣਾਂ ਗਿੱਧੇ ਦੇ ਮੈਦਾਨ ਵਿਚ ਆ ਜੁੜਦੀਆਂ ਹਨ ਤਾਂ ਮਾਨੋ ਜਿਵੇਂ ਨੱਚ-ਨੱਚ ਧਰਤੀ ਹਿਲਾ ਦਿੰਦੀਆਂ ਹਨ।

ਸਾਉਣ ਮਹੀਨੇ ਦਾ ਸਬੰਧ ਖੀਰ ਤੇ ਪੂੜਿਆਂ ਨਾਲ ਵੀ ਹੈ। ਤੀਆਂ ਦੇ ਦਿਨਾਂ ਵਿਚ ਸ਼ਾਇਦ ਹੀ ਕੋਈ ਪੰਜਾਬੀ ਘਰ ਅਜਿਹਾ ਹੋਵੇ, ਜਿਸ ਘਰ ਵਿਚ ਖੀਰ ਤੇ ਪੂੜੇ ਨਾ ਪੱਕੇ ਹੋਣ। ਕਈ ਗੁਲਗੁਲੇ ਆਦਿ ਵੀ ਪਕਾਉਂਦੇ ਹਨ। ਇਸ ਤਰ੍ਹਾਂ ਖੁਸ਼ੀਆਂ ਤੇ ਚਾਵਾਂ ਲੱਦੇ ਦਿਨ ਲੰਘ ਜਾਂਦੇ ਹਨ ਤੇ ਅਖੀਰਲੇ ਦਿਨ ਆਪਣੀਆਂ ਸਖੀਆਂ-ਸਹੇਲੀਆਂ ਤੇ ਗਲ਼ ਮਿਲ ਕੇ ਅਗਲੇ ਸਾਲ ਫੇਰ 'ਕੱਠੀਆਂ ਹੋਣ ਦੀ ਤਮੰਨਾ ਮਨ ਵਿਚ ਲੈ ਕੇ ਪੁੰਨਿਆਂ ਵਾਲੇ ਦਿਨ 'ਬੱਲੋ' ਪਾ ਕੇ ਉਹ ਘਰਾਂ ਨੂੰ ਪਰਤ ਪਾਉਂਦੀਆਂ ਹਨ। ਆਪਣੀਆਂ ਮੁੱਠੀਆਂ ਵਿਚ ਦੱਭ ਲੈ ਕੇ ਉਹ ਨੱਚਦੀਆਂ-ਟੱਪਦੀਆਂ ਤੇ ਗਿੱਧਾ ਪਾਉਂਦੀਆਂ ਹੋਈਆਂ 'ਤੀਆਂ ਦੇ ਤਿਉਹਾਰ' ਨੂੰ ਅਲਵਿਦਾ ਕਹਿ ਦਿੰਦੀਆਂ ਹਨ। ਪਰ ਅਜੋਕੇ ਦੌਰ ਵਿਚ ਤੀਆਂ ਦੇ ਤਿਉਹਾਰ ਦੀ ਪਹਿਲਾਂ ਵਾਲੀ ਰੌਣਕ ਘਟਦੀ ਜਾ ਰਹੀ ਹੈ ਤੇ ਇਹ ਕੇਵਲ ਸਭਿਆਚਾਰਕ ਮੇਲਿਆਂ ਦੇ ਘੇਰੇ ਵਿਚ ਹੀ ਸੀਮਿਤ ਹੁੰਦੀਆਂ ਜਾ ਰਹੀਆਂ ਹਨ। ਲੋੜ ਹੈ ਸਾਡੇ ਸਦੀਆਂ ਤੋਂ ਮਨਾਏ ਜਾ ਰਹੇ ਇਸ ਸਭਿਆਚਾਰਕ ਵਿਰਸੇ ਵਿਚ ਸੰਬੰਧਤ ਖੁਸ਼ੀਆਂ ਤੇ ਖੇੜਿਆਂ ਭਰੇ ਤਿਉਹਾਰ ਨੂੰ ਜਾਰੀ ਰੱਖਣ ਦੀ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਸਵਰਗ ਦਾ ਸੁਪਨਾ ਛੱਡ ਦੇ, ਨਰਕ ਦਾ ਡਰ ਛੱਡ ਦੇ,**
**ਕੀ ਪਤਾ ਕੀ ਪਾਪ ਹੈ ਕੀ ਪੁੰਨ ਹੈ।**
**ਬੱਸ ਕਿਸੇ ਦਾ ਦਿਲ ਨਾ ਦੁਖੇ ਆਪਣੇ ਸੁਆਰਥ ਵਿਚ**
**ਬਾਕੀ ਸਭ ਪ੍ਰਮਾਤਮਾ 'ਤੇ ਛੱਡ ਦੇ।**

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.d.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali
S. Jagtar Singh Multani Chief Er. (Retd.) Jal.
M.: 94172-15490

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਅਗਸਤ - 16-08-2017 (ਐਤਵਾਰ)**
**ਸਤੰਬਰ - 16-09-2017 (ਸ਼ਨੀਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 65 | ਜੁਲਾਈ - 2017



1. ਸਾਵਣ ਦੀ ਰੁੱਤ... 5
2. ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿਠੇ ਸਭੁ ਦੁਖ ਜਾਇ। 8
3. ਚੋਣਵਾਂ ਸਿੱਖ ਇਤਿਹਾਸ 10
4. ਇਲਾਕੇ ਦੀ ਸੇਵਾ ਕਰ ਰਿਹਾ ਵਿੱਦਿਅਕ ਅਦਾਰਾ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ (ਕਪੂਰਥਲਾ) 11
5. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 12
6. ਵਰਖਾ ਰੁੱਤ 14
7. ਅਜੋਕਾ ਯੁੱਗ ਤੇ ਕੰਪਿਊਟਰ 15
8. ਵਾਤਾਵਰਣ ਦਾ ਵਿਗੜਦਾ ਸੰਤੁਲਿਨ 16
9. ਕਹਾਣੀ / ਇਕ ਸ਼ਿਕਾਰੀ 17
10. GRANT OF MERIT, MERIT-CUM MEANS SCHOLARSHIP SCHEME 2017-2018 22
11. ਕਾਵਿ-ਕਿਆਰੀ 23
12. Earth Day 24
13. A Journey From Sikh To Khalsa 25
14. Shubh Anand Karj 28
15. Earth Day 29
16. Pre-Matric, Post-Matrik and Merit-Cum-Means based scholarship schemes 2017-18 29
17. Kashmiri Lobanas as Migrants by Dr. Sudershan... 33
18. The Indian Ocean : A new ground for geostrategic... 37
19. Law commission accepts our recommendation 38
20. ਦਾਨੀ ਸੱਜਣਾਂ ਦੀ ਸੂਚੀ 39
21. ਮੈਟਰੀਮੋਨੀਅਲ 40



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸਾਵਣ ਦੀ ਰੁੱਤ.....

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਸਾਲ ਦੇ ਸਾਰੇ ਸਮੇਂ ਨੂੰ ਚਾਰ ਮੁੱਖ ਰੁੱਤਾਂ ਵਿਚ ਵੰਡਿਆ ਗਿਆ ਹੈ। ਸਰਦੀ, ਗਰਮੀ, ਪਤਝੜ ਅਤੇ ਬਹਾਰ ਦੀ ਰੁੱਤ। ਜੇਠ-ਹਾੜ ਦੇ ਮਹੀਨੇ, ਜੋ ਅੰਗਰੇਜ਼ੀ ਸਾਲ ਦੇ ਅੱਧ ਮਈ ਤੋਂ ਅੱਧ ਜੁਲਾਈ ਤੱਕ ਦੇ ਮਹੀਨੇ ਹੁੰਦੇ ਹਨ ਦੇ ਸਮੇਂ ਉਤਰੀ ਭਾਰਤ ਦੇ ਮੈਦਾਨੀ ਖਿੱਤੇ ਵਿਚ ਬੜੀ ਗਰਮੀ ਦੇ ਦਿਨ ਹੁੰਦੇ ਹਨ। ਅਜੋਕੇ ਸਮੇਂ ਵਿਚ ਮਨੁੱਖੀ ਗਲਤੀਆਂ ਨਾਲ ਕੁਦਰਤੀ ਵਾਤਾਵਰਣ ਅਤੇ ਮੌਸਮਾਂ ਦੇ ਸਮਤੋਲ ਵਿਚ ਬੜੀਆਂ ਹੈਰਾਨੀਜਨਕ ਤਬਦੀਲੀਆਂ ਆਈਆਂ ਹਨ। ਬਾਕੀ ਰੁੱਤਾਂ ਦੇ ਮੁਕਾਬਲੇ ਗਰਮੀ ਦੀ ਰੁੱਤ ਨੇ ਆਪਣੇ ਹਿੱਸੇ ਦੇ ਸਮੇਂ ਵਿਚ ਖਾਸ ਵਾਧਾ ਕਰ ਲਿਆ ਹੈ। ਕਾਰਨ ਧਰਤੀ ਤੋਂ ਜੰਗਲਾਂ ਦਾ ਘਟਨਾ, ਬ੍ਰਿਖ ਪੌਦਿਆਂ ਦੀ ਅੰਨ੍ਹੇਵਾਹ ਕਟਾਈ ਅਤੇ ਵਾਤਾਵਰਣ ਨੂੰ ਅਸ਼ੁਧ ਕਰਨ ਵਾਲੀਆਂ ਰਸਾਇਣਕ ਕ੍ਰਿਆਵਾਂ ਵਿਚ ਅਥਾਹ ਵਾਧਾ ਹੈ। ਇਸ ਸਭ ਦੇ ਬਾਵਜੂਦ ਕੁਦਰਤ ਆਪਣੀ ਮਹਾਨਤਾ ਬਰਕਰਾਰ ਰੱਖਦੀ ਹੈ ਅਤੇ ਸਮੇਂ ਦੇ ਥੋੜ੍ਹੇ ਹੇਰ ਫੇਰ ਨਾਲ ਸਾਵਣ ਭਾਦੋਂ ਦੇ ਮਹੀਨੇ ਸੜ ਤਪ ਰਹੀ ਬਨਸਪਤੀ, ਫਸਲਾਂ ਅਤੇ ਮਨੁੱਖਤਾ ਨੂੰ ਵਰਖਾ ਰਾਹੀਂ ਨਿਹਾਲ ਕਰ ਹੀ ਦਿੰਦੀ ਹੈ।

ਗੁਰਬਾਣੀ ਵਿਚ ਸਾਵਣ ਦੇ ਮਹੀਨੇ ਦੀ ਵਿਸ਼ੇਸ਼ਤਾ ਖਾਸ ਤੌਰ 'ਤੇ ਬਿਆਨ ਹੋਈ ਹੈ। ਬਾਰਾਮਾਂਹ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ-

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਿਨ ਸਭੇ ਛਾਰ ॥**
**ਹਰ ਅਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਨਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**
**ਜੀਨੀ ਸਖੀਐ ਪ੍ਰਭੁ ਪਾਇਆ ਹਉ ਤਿਨ ਕੈ ਸਦਿ ਬਲਿਹਾਰ ॥**



**ਨਾਨਕ ਹਰਿ ਜੀ ਪਾਇਆ ਕਰ ਸਬਦਿ ਸਵਾਰਣਹਾਰੁ ॥**
**ਸਾਵਨ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥**

ਗੁਰੂ ਨਾਨਕ ਸਾਹਿਬ ਨੇ ਰਾਗ ਵਡਹੰਸ ਵਿਚ ਉਚਾਰਨ ਕੀਤਾ ਹੈ-

**ਮੋਰੀ ਰੁਣ ਝੁਨ ਲਾਇਆ ਭੈਣੇ ਸਾਵਣ ਆਇਆ ॥**
**ਤੇਰੇ ਮੁੰਧ ਕਟਾਰੇ ਜੇਵਡਾ ਤਿਨਾ ਲੋਭੀ ਲੋਭ ਲੁਭਾਇਆ ॥**
**ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੋ ਕੁਰਬਾਣੋ ॥**
**ਜਾ ਤੂ ਤਾ ਮੈ ਮਾਣ ਕੀ ਆਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥**

**ਆਉ ਸੁਭਾਗੀ ਨੀਂਦੜੀਏ ਮਤੁ ਸਹੁ ਦੇਖਾ ਸੋਇ ॥**
**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਤੀਜੈ ॥**
**ਸੀਸ ਵਢੇ ਕਰ ਬੈਸਣੁ ਦੀਜੈ ਵਿਣ ਸਿਰ ਸੇਵ ਕਰੀਜੈ ॥**
**ਕਿਉ ਨ ਮਰੀਜੈ ਜੀਅੜਾ ਨ ਤੀਜੈ ਜਾ ਸਹੁ ਭਇਆ ਵਿਡਾਣਾ ॥**

ਪੰਜਾਬ, ਗੁਰੂਆਂ ਪੀਰਾਂ ਦੀ, ਮੇਲਿਆਂ ਤਿਉਹਾਰਾਂ ਦੀ, ਕੁਦਰਤੀ ਨਿਆਮਤਾਂ ਨਾਲ ਭਰੀ, ਪੰਜਾਂ ਦਰਿਆਵਾਂ ਦੇ ਵਹਿਣਾਂ ਦੇ ਨਜ਼ਾਰਿਆਂ ਨਾਲ ਲਬਰੇਜ ਧਰਤੀ ਦਾ ਨਾਮ ਹੈ। ਹਰ ਸਮੇਂ ਨਾਲ, ਹਰ ਰੁੱਤ ਨਾਲ, ਦੁੱਖ ਨਾਲ ਸੁਖ ਨਾਲ, ਜੁੜੇ ਤਿਉਹਾਰਾਂ ਮੇਲਿਆਂ ਦੀ ਭਰਮਾਰ ਵਾਲੀ ਧਰਤੀ ਦਾ ਨਾਮ ਪੰਜਾਬ ਹੈ। ਹਰ ਰੁੱਤ ਦੇ ਆਪਣੇ ਤਿਉਹਾਰ ਮੇਲੇ ਹਨ। ਸਾਉਣ ਦੇ ਮਹੀਨੇ ਵਿਚ ਮਾਲਵੇ ਦੇ ਇਲਾਕੇ ਵਿਚ ਤੀਆਂ ਅਤੇ ਦੁਆਬੇ ਮਾਝੇ ਦੇ ਕੁਝ ਹਿੱਸੇ ਵਿਚ ਸਾਵੇਂ ਮਨਾਏ ਜਾਂਦੇ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਵਨ ਦੇ ਮਹੀਨੇ ਵਿਚ ਪੇਕੇ ਪਿੰਡ ਜੁੜਦੀਆਂ ਹਨ ਤੇ ਹੋਰ ਜਵਾਨ ਮੁਟਿਆਰਾਂ



ਨਾਲ ਤੀਆਂ ਜਾਂ ਸਾਵਿਆਂ ਦਾ ਤਿਉਹਾਰ ਮਨਾਉਂਦੀਆਂ ਹਨ। ਨਵੀਂ ਵਿਆਹੀ ਮੁਟਿਆਰ ਦਾ ਇਸ ਮਹੀਨੇ ਪੇਕੇ ਪਿੰਡ ਜ਼ਰੂਰੀ ਆਉਣ ਦੇ ਪਿੱਛੇ ਮਿੱਥ ਜੋੜ ਲਈ ਗਈ ਕਿ ਸ਼ਾਦੀ ਤੋਂ ਬਾਅਦ ਪਹਿਲੇ ਸਾਵਨ ਦੇ ਮਹੀਨੇ ਵਿਚ ਸੱਸ ਅਤੇ ਨੂੰਹ ਦਾ ਆਪਸੀ ਮੱਥੇ ਲੱਗਣਾ ਸੱਸ ਤੇ ਭਾਰੂ ਹੁੰਦਾ ਹੈ। ਸ਼ਾਇਦ ਇਹ ਸੱਸ 'ਤੇ ਭਾਰੂ ਹੋਣਾ ਮਿਥਣਾ ਹੀ ਨਵੀਂ ਵਿਆਹੀ ਮੁਟਿਆਰ ਨੂੰ ਬਾਕੀ ਸਹੇਲੀਆਂ ਨਾਲ ਖੁਸ਼ੀਆਂ ਨਾਲ ਭਰੇ ਇਸ ਤਿਉਹਾਰ ਨੂੰ ਮਨਾਉਣ ਦੀ ਖੁਸ਼ੀ ਲੈਣ ਦੇ ਕਾਬਲ ਕਰਨ ਲਈ ਜ਼ਰੂਰੀ ਸੀ। ਜੇਕਰ ਇਹ ਭਾਰ ਕਿਸੇ ਹੋਰ ਤੇ ਹੁੰਦਾ ਤਾਂ ਸ਼ਾਇਦ ਕਈ ਸੱਸਾਂ ਨਵੀਆਂ ਨੂੰਹਾਂ ਨੂੰ ਪੂਰੇ ਮਹੀਨੇ ਭਰ ਲਈ ਪੇਕੇ ਤੋਰਨ ਤੋਂ ਗੁਰੇਜ ਵੀ ਕਰ ਲੈਂਦੀਆਂ।

ਪੇਕੇ ਗਈ ਨਵੀਂ ਨੂੰਹ ਦੇ ਪਿੱਛੇ ਸਹੁਰੇ ਪਰਿਵਾਰ ਵਿਚੋਂ ਨਨਦ, ਦਿਉਰ ਜਾਂ ਜੇਠਾਣੀ ਤੀਆਂ ਜਾਂ ਸਾਵਿਆਂ ਦਾ ਸਮਾਨ ਲੈ ਕੇ ਨੂੰਹ ਦੇ ਪੇਕੇ ਪਿੰਡ ਜਾਂਦੇ। ਸਮਾਨ ਵਿਚ ਮੁਟਿਆਰ ਲਈ ਸੂਟ, ਫੁਲਕਾਰੀ, ਸ਼ਿੰਗਾਰ ਦਾ ਸਮਾਨ, ਸੁੱਕੇ ਮੇਵਿਆਂ ਤੋਂ ਇਲਾਵਾ ਪੀਂਘ ਦਾ ਰੱਸਾ ਵੀ ਦੇਣ ਦਾ ਰਿਵਾਜ਼ ਸੀ। ਪਿੰਡ ਦੇ ਬੋਹੜ, ਪਿੱਪਲ, ਟਾਹਲੀ ਜਾਂ ਕਿੱਕਰ ਦੇ ਵੱਡੇ ਰੁੱਖ ਤੇ ਪੀਂਘ ਪਾਈ ਜਾਂਦੀ। ਮੁਟਿਆਰਾਂ ਸਾਰਾ ਸਾਰਾ ਦਿਨ ਪੀਂਘ ਝੂਟਦੀਆਂ, ਸਾਹਮਣੇ ਟਾਹਣ ਦਾ ਪੱਤਾ ਤੋੜ ਕੇ ਲਿਆਉਣ ਲਈ ਜ਼ੋਰ ਲੱਗਦੇ। ਇਕੱਠੀਆਂ ਹੋਈਆਂ ਮੁਟਿਆਰਾਂ ਤੀਆਂ ਜਾਂ ਸਾਵੇ ਮਨਾਉਂਦੀਆਂ ਹੱਸ ਹੱਸ ਦੂਹਰੀਆਂ ਹੋ ਕੇ ਗਿੱਧੇ ਦੀਆਂ ਬੋਲੀਆਂ ਪਾਉਂਦੀਆਂ ਧਮਾਲਾਂ ਪਾਉਂਦੀਆਂ –

**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**
**ਨੀ ਕਾਹਲੀ ਕਾਹਲੀ ਪੈਰ ਪੱਟ ਲੈ॥**

ਮੁਟਿਆਰਾਂ ਬੋਲੀਆਂ ਰਾਹੀਂ ਆਪਣੇ ਮਾਹੀ ਨੂੰ ਵੀ ਯਾਦ ਕਰਦੀਆਂ–

**ਰਲ ਆਓ ਸਈਓ ਨੀ ਸਭ ਤੀਆਂ ਖੇਡਣ ਜਾਈਏ**
**ਹੁਣ ਆਇਆ ਸਾਵਨ ਨੀ ਪੀਘਾਂ ਪਿਪਲੀ ਜਾ ਕੇ ਪਾਈਏ**
**ਪਈ ਕੂ ਕੂ ਕਰਦੀ ਨੀ ਸਈਓ ਕੋਇਲ ਹੰਝੂ ਡੋਲੇ**
**ਪਪੀਹਾ ਵੇਖੋ ਨੀ ਭੈੜਾ ਪੀ ਪੀ ਕਰ ਕੇ ਬੋਲੇ**
**ਪਏ ਪੈਲਾਂ ਪਾਉਂਦੇ ਨੀ ਬਾਗੀ ਮੋਰ ਸ਼ੋਰ ਮਚਾਇਆ**
**ਅੜੀਓ ਖਿੜ ਖਿੜ ਫੁੱਲਾਂ ਨੇ, ਸਾਨੂੰ ਮਾਹੀਆ ਯਾਦ ਕਰਾਇਆ।**

ਨਵੀਆਂ ਵਿਆਹੀਆਂ ਮੁਟਿਆਰਾਂ ਦੇ ਨਾਲ ਪਿੰਡ ਦੀਆਂ ਨੌਜਵਾਨ ਨੱਢੀਆਂ ਤੇ ਬਾਕੀ ਔਰਤਾਂ ਨੇ ਰਲ ਕੇ ਬੋਲੀਆਂ ਚੁੱਕਣੀਆਂ ਤੇ ਗਿੱਧੇ ਨੂੰ ਸਿਖਰਾਂ ਤੇ ਲੈ ਜਾਣਾ।

**ਸਾਉਣ ਮਹੀਨਾ ਚੜ੍ਹ ਚੜ੍ਹ ਆਵੇ**
**ਸਭੇ ਸਹੇਲੀਆਂ ਆਈਆਂ**
**ਸੰਤੋ ਬੰਤੋ ਹੋਈਆਂ ਕੱਠੀਆਂ**
**ਵੱਡੇ ਘਰਾਂ ਦੀਆਂ ਜਾਈਆਂ**
**ਗਿੱਧਾ ਪਾ ਰਹੀਆਂ**
**ਨਨਦਾਂ ਤੇ ਭਰਜਾਈਆਂ।**

ਪੰਜਾਬੀ ਸਾਹਿਤ ਵਿਚ ਕਵੀਆਂ ਸ਼ਾਇਰਾਂ ਨੇ ਵੀ ਇਸ ਸਮੇਂ ਨੂੰ ਕਥਨ ਬੰਦ ਕੀਤਾ ਹੈ। ਪ੍ਰਸਿੱਧ ਪੰਜਾਬੀ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਸਾਵਨ ਵਿਚ ਲਿਖਿਆ ਹੈ–

**ਪੇਕੀਂ ਬੈਠੀਆਂ ਤਾਈਂ ਦਿਹਾਰ ਆਏ**
**ਤੇ ਸ਼ਿੰਗਾਰ ਲਾਏ ਸਹੁਰੀ ਆਈਆਂ ਨੇ**



**ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ**
**ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ**
**ਖੀਰਾਂ ਰਿੱਝੀਆਂ ਪੂੜਿਆ ਡੰਝ ਲਾਹੀ**
**ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ**
**ਗਿੱਧੇ ਵੱਜਦੇ ਕਿਲਕਿਲੀ ਮੱਚਦੀ ਏ**
**ਘਟਾ ਕਾਲੀਆਂ ਵੇਖ ਕੇ ਛਾਈਆਂ ਨੇ**
**ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ.**
**ਸਾਉਣ ਮਾਂਹ ਦੇ ਸੋਹਲੇ ਗਾਂਵਦੇ ਨੇ।**

ਬਚਪਨ ਵਿਚ ਜੋ ਅਸੀਂ ਸਾਉਣ ਮਹੀਨੇ ਦੀਆਂ ਲੰਮੀਆਂ ਝੜੀਆਂ ਵੇਖੀਆਂ ਹਨ। ਉਹ ਹੁਣ ਕਿਤੇ ਅਲੋਪ ਹੋ ਗਈਆਂ ਨੇ। ਇਕ ਵਾਰ ਵਰਖਾ ਸ਼ੁਰੂ ਹੋ ਜਾਂਦੀ ਤਾਂ ਪੰਜ-ਪੰਜ, ਸੱਤ-ਸੱਤ ਦਿਨ ਲਗਾਤਾਰ ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹੀ ਜਾਂਦਾ। ਕਦੇ ਤੇਜ਼ ਵਰਖਾ ਤੇ ਕਦੀ ਮੱਠੀ ਮੱਠੀ ਪਰ ਲਗਾਤਾਰ ਲੱਗੀ ਰਹਿੰਦੀ। ਪਿੰਡ ਵਿਚ ਕੱਚੀ ਮਿੱਟੀ ਦੇ ਘਰਾਂ ਨੂੰ ਘਰਾਂ ਦੀਆਂ ਚਾਰ ਦੀਵਾਰੀ ਦੀਆਂ ਕੱਚੀਆਂ ਕੰਧਾਂ ਨੂੰ ਮਿੱਟੀ ਤੇ ਤੂੜੀ ਰਲਾ ਕੇ ਬਾਹਰੋਂ ਔਰਤਾਂ ਨੇ ਜੇਠ ਹਾੜ ਦੇ ਮਹੀਨੇ ਲੇਪ ਦੇ ਕੇ ਮਜ਼ਬੂਤ ਤੇ ਸਾਫ਼ ਕਰ ਲੈਣੀਆਂ। ਝੜੀਆਂ ਦੇ ਤੀਜੇ ਚੌਥੇ ਦਿਨ ਦਿੱਤੇ ਮਿੱਟੀ ਦੇ ਲੇਪ ਵਿਚ ਪਾਣੀ ਨਾਲ ਤਰੇੜਾ ਪੈ ਜਾਣੀਆਂ ਤੇ ਜੋ ਲੰਮੀ ਝੜੀ ਲੱਗਣ ਤੇ ਇਹ ਲੇਪ ਵੱਡੇ-ਵੱਡੇ ਟੁਕੜਿਆਂ ਦੀ ਸ਼ਕਲ ਵਿਚ ਧੜੱਮ ਕਰਦੇ ਥੱਲੇ ਡਿੱਗ ਜਾਣੇ। ਕਿਸੇ ਮਾੜੀ ਕੰਧ ਦਾ ਉਲਾਰ ਵੱਧਦਾ ਵੇਖ ਕੇ ਗਲੀਆਂ ਵਿਚ ਵਰਖਾ ਦੇ ਪਾਣੀ ਵਿਚ ਖੇਡਦੇ ਜਵਾਕਾਂ ਨੇ "ਇਹ ਉਹ ਗ ਈਆ ਗਈ ਆ, ਗਈ ਆ," ਕਰਦੇ ਧੜੱਮ ਨਾਲ ਡਿੱਗਦੀ ਕੰਧ ਤੇ ਹੱਸ ਹੱਸ ਦੂਹਰੇ ਹੋਈ ਜਾਣਾ ਤੇ ਉਧਰ ਘਰ ਦੀਆਂ ਔਰਤਾਂ ਵੱਲੋਂ ਡਿੱਗੇ ਲੇਪ ਜਾਂ ਕੰਧ ਦੀ ਮਿੱਟੀ ਰੁੜਨ ਤੋਂ ਬਚਾਉਣ ਲਈ ਫਟਾ ਫੱਟ ਕਹੀਆਂ ਬਾਟੇ ਲੈ ਕੇ ਵਰ੍ਹਦੇ ਬੱਦਲ ਵਿਚ ਮਿੱਟੀ ਸੰਭਾਲਣ ਦੇ ਨਜ਼ਾਰੇ ਆਮ ਹੁੰਦੇ ਸਨ। ਖੇਤੀ ਪ੍ਰਧਾਨ ਪੇਂਡੂ ਜੀਵਨ ਨੇ ਝੋਨੇ ਦੀ ਫਸਲ ਲਈ ਆਈ ਵਰਖਾ ਦਾ ਮਨੋ ਸਤਿਕਾਰ ਵੀ ਕਰਨਾ ਪ੍ਰੰਤੂ ਲੰਮੀ ਝੜੀ ਲੱਗਣ ਤੇ ਪਸ਼ੂਆਂ ਦਾ ਚਾਰਾ, ਚੁੱਲ੍ਹਾ ਬਾਲਣ ਲਈ ਸੁੱਕਾ ਬਾਲਣ ਅਤੇ ਮਾੜੀਆਂ ਕੰਧਾਂ ਕੋਠੇ ਡਿੱਗਣ ਦੀਆਂ ਪ੍ਰੇਸ਼ਾਨੀਆਂ ਵੀ ਝੱਲਣੀਆਂ। ਅੱਜ ਦੇ ਬਚਪਨ ਨੇ ਉਹ ਝੜੀਆਂ ਨਹੀਂ ਵੇਖੀਆਂ। ਵਾਤਾਵਰਣ ਦੀਆਂ ਤਬਦੀਲੀਆਂ ਕਾਰਨ ਝੱਟ ਫੜੱਕੇ ਵਾਲਾ ਬੱਦਲ ਹੀ ਹੁਣ ਵੇਖਣ ਨੂੰ ਮਿਲਦਾ ਹੈ ਜਿਸ ਦਾ ਖੇਤਰ ਅਧਾਰ ਵੀ ਬਹੁਤ ਘੱਟ ਹੁੰਦਾ ਹੈ। ਹੁਣ ਲੰਮੀਆਂ ਝੜੀਆਂ ਵੇਖਣ ਨੂੰ ਨਹੀਂ



ਮਿਲਦੀਆਂ।

ਤੀਆਂ ਸਾਵਿਆਂ ਦੇ ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਨੂੰ ਦਿਖਾਉਂਦੇ ਇਹ ਤਿਉਹਾਰ ਵੀ ਹੁਣ ਹੋਰ ਪੇਂਡੂ ਤਿਉਹਾਰਾਂ ਅਤੇ ਖੁਸ਼ੀਆਂ ਸਾਂਝੀਆਂ ਮਨਾਉਣ ਦੇ ਰਿਵਾਜ਼ ਹੁਣ ਘੱਟਦੇ ਜਾ ਰਹੇ ਹਨ। ਘੱਟਦੇ ਹੀ ਨਹੀਂ ਸਗੋਂ ਅਲੋਪ ਹੋਈ ਜਾ ਰਹੇ ਹਨ। ਇਹ ਤਿਉਹਾਰ ਅਤੇ ਖੁਸ਼ੀਆਂ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿਚ ਨਹੀਂ ਦੇ ਰਹੇ। ਹੁਣ ਤਾਂ ਕਿਤੇ ਕਿਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਸਟੇਜਾਂ ਤੇ ਹੀ ਇਹ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ ਅਤੇ ਲੱਗਦਾ ਹੈ ਕਿ ਉਥੇ ਵੀ ਇਹ ਬਹੁਤ ਲੰਮੇ ਸਮੇਂ ਨਹੀਂ ਚੱਲਣਗੀਆਂ। ਸਾਡੇ ਸੱਭਿਆਚਾਰ ਉਤੇ ਹੁਣ ਪੱਛਮੀ ਪ੍ਰਭਾਵ ਬਹੁਤ ਜ਼ਿਆਦਾ ਭਾਰੂ ਹੋ ਰਿਹਾ ਹੈ। ਰੈਪ ਦਾ ਜ਼ਮਾਨਾ ਹੈ।

ਲੋੜ ਹੈ, ਆਪਣੇ ਅਮੀਰ ਵਿਰਸੇ ਨੂੰ ਕਾਇਮ ਰੱਖਿਆ ਜਾਵੇ। ਕੁਦਰਤ ਦੀਆਂ ਨਿਆਮਤਾਂ ਨੂੰ ਖੁਸ਼ ਹੋ ਕੇ ਮਨਾਉਣਾ, ਆਪਣੇ ਜੀਵਨ ਨਾਲ ਜੋੜ ਕੇ ਰੱਖਣਾ, ਕੁਦਰਤ ਦਾ ਧੰਨਵਾਦ ਕਰਨਾ ਹੀ ਹੈ। ਉਸ ਧੰਨਵਾਦ ਤੇ, ਉਹ ਪਰਮ ਪਿਤਾ ਪ੍ਰਮਾਤਮਾ ਵੀ ਖੁਸ਼ ਹੁੰਦਾ ਹੈ। ਫਿਰ ਝੜੀਆਂ ਵੀ ਲੱਗਦੀਆਂ ਹਨ ਤੇ ਖੁਸ਼ੀਆਂ ਖੇੜਿਆਂ ਵਿਚ ਅਥਾਹ ਵਾਧਾ ਹੁੰਦਾ ਹੈ।

ਸ਼ੁਧ ਵਾਤਾਵਰਣ ਵਿਚ ਜਿਉਣ ਲਈ ਅਗਲੀਆਂ ਪੀੜ੍ਹੀਆਂ ਨੂੰ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਮੌਕੇ ਪ੍ਰਦਾਨ ਕਰਨ ਲਈ ਇਹ ਸਭ ਕੁਝ ਕਾਇਮ ਰੱਖਣ ਲਈ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।



**ਸਿਮਰਨਦੀਪ ਕੌਰ ਸਪੁੱਤਰੀ ਸ. ਕਸ਼ਮੀਰ ਸਿੰਘ ਅਤੇ ਸਰਦਾਰਨੀ ਰਾਜਵਿੰਦਰ ਕੌਰ ਨੂੰ ਸਨਮਾਨਿਤ ਕਰਦੇ ਹੋਏ ਕੌਂਸਲਰ ਜਸਵਿੰਦਰ ਸਿੰਘ ਬਿੱਲਾ, ਡੀ.ਐਸ.ਪੀ. ਮਹਿੰਦਰ ਸਿੰਘ, ਡੀ.ਐਸ.ਪੀ. ਅਵਤਾਰ ਸਿੰਘ, ਡੀ.ਐਸ.ਪੀ. ਬਖਸ਼ੀਸ਼ ਸਿੰਘ, ਪ੍ਰੋ. ਜੋਗਿੰਦਰ ਸਿੰਘ ਅਜੈਬ, ਪ੍ਰਿੰ. ਟਹਿਲ ਸਿੰਘ, ਇੰਜੀਨੀਅਰ ਪਰਮਿੰਦਰਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਬੱਬਲ ਅਤੇ ਪਰਿਵਾਰਕ ਮੈਂਬਰ।**

# ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸੁ ਡਿਠੇ ਸਭੁ ਦੁਖ ਜਾਇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਧਰਮ ਪ੍ਰਚਾਰ ਕਮੇਟੀ ਬਣਾ ਕੇ ਧਰਮ ਪ੍ਰਚਾਰ ਲਹਿਰ ਸ਼ੁਰੂ ਕੀਤੀ ਹੋਈ ਹੈ। ਜਿਸ ਸਬੰਧੀ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਮਹਾਨ ਗੁਰਮਤਿ ਸਮਾਗਮ ਹੋ ਰਹੇ ਹਨ ਜਿਵੇਂ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਸ੍ਰੀ ਪੰਜੋਖਰਾ ਸਾਹਿਬ, ਅੰਬਾਲਾ, ਹਰਿਆਣਾ, ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ, ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਦੀਵਾਨ ਟੋਡਰ ਮੱਲ ਹਾਲ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਪੁਰਬ ਸਬੰਧੀ ਵੱਡੇ ਸਮਾਗਮ ਕਰਵਾਏ ਗਏ ਹਨ।



ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਠਵੇਂ ਜੋਤਿ ਸਰੂਪ ਸਤਿਗੁਰੂ ਸਨ। ਆਪ ਜੀ ਦਾ ਜਨਮ 1656 ਈ. ਨੂੰ ਮਾਤਾ ਕਿਸ਼ਨ ਕੌਰ ਜੀ ਅਤੇ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਕੀਰਤਪੁਰ ਸਾਹਿਬ ਵਿਖੇ ਹੋਇਆ। ਬਚਪਨ ਤੋਂ ਹੀ ਆਪ ਤੀਖਣ ਬੁੱਧੀ, ਦੂਰ ਦ੍ਰਿਸ਼ਟੀ ਅਤੇ ਪ੍ਰਭੂ ਰੰਗ ਵਿਚ ਭਿੱਜੀ ਹੋਈ ਸ਼ਖ਼ਸ਼ੀਅਤ ਦੇ ਮਾਲਕ ਸਨ। ਗੁਰੂ-ਪਿਤਾ ਦੀ ਸੰਗਤ ਵਿਚ ਵੀ ਆਪ ਜੀ ਸੰਗਤਾਂ ਲਈ ਲੰਗਰ ਛਕਾਉਣ ਅਤੇ ਹੋਰ ਸੇਵਾ ਵਿਚ ਲੱਗੇ ਰਹਿੰਦੇ ਸਨ। ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਪੁੱਤਰ, ਬਾਬਾ ਰਾਮ ਰਾਇ ਨੇ ਜਦੋਂ ਦਿੱਲੀ ਵਿਖੇ, ਔਰੰਗਜੇਬ ਦੀਆਂ ਗੱਲਾਂ ਅਤੇ ਪ੍ਰਭਾਵ ਹੇਠ ਆਣ ਕੇ ਇਹ ਕਹਿ ਦਿੱਤਾ ਕਿ ਗੁਰਬਾਣੀ ਵਿਚ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ"॥ ਗਲਤੀ ਨਾਲ ਲਿਖਿਆ ਗਿਆ ਹੈ, ਸਗੋਂ ਇਸ ਤੁਕ ਵਿਚ 'ਮੁਸਲਮਾਨ' ਦਾ ਦੀ ਥਾਂ ਤੇ 'ਬੇਈਮਾਨ' ਹੈ। ਅਰਥਾਤ ਰਾਮ ਰਾਏ ਨੇ ਗੁਰਬਾਣੀ ਦੀ ਇਸ ਤੁਕ ਦਾ ਉਚਾਰਣ ਇਸ ਤਰ੍ਹਾਂ ਕੀਤਾ ਸੀ-

**"ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ"॥**

ਇਸ ਨਾਲ ਔਰੰਗਜੇਬ ਦੀ ਤਾਂ ਭਾਵੇਂ ਤਸੱਲੀ ਹੋ ਗਈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਧੁਰ ਕੀ ਬਾਣੀ' ਵਿਚ ਤਬਦੀਲੀ ਕਰਨਾ ਅਜਿਹਾ ਬੱਜਰ ਗੁਨਾਹ ਸੀ ਜੋ ਬਖ਼ਸ਼ਿਆ ਨਹੀਂ ਸੀ ਜਾ ਸਕਦਾ। ਗੁਰੂ ਹਰਿ ਰਾਏ ਸਾਹਿਬ ਨੇ, ਰਾਮ ਰਾਏ ਨੂੰ ਕਹਿ ਭਿਜਵਾਇਆ ਕਿ 'ਉਹ ਸਾਡੇ ਮੱਥੇ ਨਾ ਲੱਗੇ'। ਇਹ ਕਾਰਨ ਸੀ ਜਿਸ ਕਰਕੇ ਗੁਰਗੱਦੀ ਨਾ ਮਿਲ ਸਕੀ ਅਤੇ ਉਸ ਦੀ ਥਾਂ ਤੇ 'ਸ੍ਰੀ ਹਰਿ ਕ੍ਰਿਸ਼ਨ ਸਾਹਿਬ' ਨੂੰ ਸਵਾ ਪੰਜ ਸਾਲ ਦੀ ਉਮਰ ਵਿਚ ਗੁਰਗੱਦੀ ਦੀ ਬਖ਼ਸ਼ਿਸ਼ ਪ੍ਰਾਪਤ ਹੋ ਗਈ।




**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**


ਗੁਰਬਾਣੀ ਦੇ ਮਹਾਨ ਵਾਕ ਅਨੁਸਾਰ ਗੁਰਗੱਦੀ ਦੀ ਬਖ਼ਸ਼ਿਸ਼ ਤਾਂ ਧੁਰ ਦਰਗਾਹੋ ਹੈ। ਇਸ ਦਾ ਸੰਬੰਧ ਵਿਅਕਤੀ ਦੀ ਉਮਰ ਨਾਲ ਵੀ ਨਹੀਂ ਹੈ। ਸ੍ਰੀ ਗੁਰੂ ਅਮਰਦਾਸ ਜੀ ਨੂੰ ਸਭ ਤੋਂ ਵੱਡੀ ਉਮਰ (72 ਸਾਲ) ਵਿਚ ਅਤੇ ਸਭ ਤੋਂ ਛੋਟੀ ਉਮਰ (ਸਵਾ ਪੰਜ ਸਾਲ) ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਅਮੋਲਕ ਦਾਤ ਪ੍ਰਾਪਤ ਹੋਈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਉਮਰ ਭਾਵੇਂ ਛੋਟੀ ਸੀ ਪਰ 'ਜੋਤਿ' ਅਤੇ 'ਜੁਗਤਿ' ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਹੀ ਸੀ। ਸਿੱਖ ਸੰਗਤਾਂ ਦੀ ਅਗਵਾਈ ਕਰਨ ਵਿਚ, ਗੁਰੂ ਜੀ ਵੱਲੋਂ ਕਦੇ ਵੀ ਢਿੱਲ ਮੱਠ ਨਾ ਆਈ। ਹਰ ਰੋਜ਼ ਕੀਰਤਨ ਦਰਬਾਰ ਸੱਜਦੇ। ਗੁਰੂ ਜੀ ਨਿਤਾਪ੍ਰਤੀ ਅਮ੍ਰਿਤ ਵੇਲੇ ਉਠਦੇ। ਨਾਮ ਸਿਮਰਨ ਵਿਚ ਆਪ ਜੀ ਦੀ ਅਡੋਲ ਬਿਰਤੀ ਲੰਮਾ ਸਮਾਂ ਜੁੜੀ ਰਹਿੰਦੀ ਸੀ। ਗੁਰਬਾਣੀ ਦੇ ਨਿਤਨੇਮ ਦਾ ਪਾਠ ਆਪ ਜੀ ਦਾ ਬਹੁਤ ਪ੍ਰਪੱਕ ਸੀ। ਹਰ ਰੋਜ਼ ਗੁਰੂ ਦਰਬਾਰ ਦੇ ਨਾਲ-ਨਾਲ ਅਤੁੱਟ ਲੰਗਰ ਵੀ ਵਰਤਦਾ ਸੀ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜਸਵੰਤ ਰਾਏ ਨਾਮ ਦੇ ਵਿਅਕਤੀ, ਰੋਪੜ ਦਾ ਵਸਨੀਕ ਸ਼ਾਹੂਕਾਰ ਰਾਜਾ ਰਾਮ ਵਰਗਿਆਂ ਨੂੰ ਸਿੱਧੇ ਰਸਤੇ ਪਾ ਕੇ ਗੁਰੂ ਘਰ ਨਾਲ ਜੋੜਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਮਹਿਮਾ ਬੇਅੰਤ ਹੈ। ਆਪ ਜੀ ਨੇ ਬੇਅੰਤ ਵਿਅਕਤੀਆਂ ਨੂੰ ਮਨਮੁਖਤਾ ਵੱਲੋਂ ਹਟਾ ਕੇ, ਗੁਰਮਤਿ ਮਾਰਗ ਨਾਲ ਜੋੜਿਆ। ਜਿਵੇਂ ਨੰਦ ਚੰਦ ਨੂੰ ਵੇਸਵਾਪੁਣਾ ਤਿਆਗ ਕੇ, ਗੁਰਸਿੱਖ ਵਾਲਾ ਜੀਵਨ ਜਿਉਣ ਲਈ ਤਤਪਰ ਕੀਤਾ। ਜੰਜੀਆ ਨਾਮ ਦੇ ਵਿਅਕਤੀ ਨੂੰ ਤੰਬਾਕੂ ਨਾ ਖਾਣ ਦਾ ਉਪਦੇਸ਼ ਕੀਤਾ। ਪੰਜੋਖਰਾ ਨਾਮ ਦੇ ਸਥਾਨ ਤੇ, ਇਕ ਪੰਡਤ ਜਿਸ ਦਾ ਨਾਮ ਲਾਲ ਚੰਦ ਸੀ ਅਤੇ ਉਚੀ ਬ੍ਰਾਹਮਣ ਜਾਤੀ ਦੇ ਹੰਕਾਰ ਵਿਚ ਗ੍ਰਸਿਆ

ਹੋਇਆ ਸੀ। ਉਸ ਨੇ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ "7-8 ਸਾਲ ਦਾ ਬੱਚਾ ਆਪਣੇ ਆਪ ਨੂੰ "ਗੁਰੂ ਹਰਿਕ੍ਰਿਸ਼ਨ" ਅਖਵਾਉਂਦਾ ਹੈ। ਕ੍ਰਿਸ਼ਨ ਭਗਵਾਨ ਜੀ ਨੇ ਤਾਂ ਗੀਤਾ ਜੀ ਦਾ ਉਚਾਰਣ ਕੀਤਾ ਸੀ ਪਰ ਇਹ ਉਸ ਤੋਂ ਵੀ ਅਗਾਂਹ "ਹਰਿ ਕ੍ਰਿਸ਼ਨ" ਅਖਵਾਉਂਦਾ ਹੈ। ਜੇਕਰ ਇਸ ਵਿਚ ਏਨੀ ਯੋਗਤਾ ਹੈ ਤਾਂ ਉਸ ਨੂੰ ਆਖੋ ਕਿ ਉਹ ਗੀਤਾ ਜੀ ਦੇ ਅਰਥ ਕਰਕੇ ਦੱਸਣ"। ਗੁਰੂ ਸਾਹਿਬ ਨੇ ਪੰਡਤ ਲਾਲ ਚੰਦ ਨੂੰ ਸਮਝਾਇਆ ਕਿ "ਜੇਕਰ ਮੈਂ ਅਰਥ ਕਰ ਵੀ ਦਿੱਤੇ ਤਾਂ ਵੀ ਤੇਰੇ ਮਨ ਦੀ ਸੰਤੁਸ਼ਟੀ ਨਹੀਂ ਹੋਣੀ। ਜੇਕਰ ਤੂੰ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀਆਂ ਬਖ਼ਸ਼ਿਸ਼ਾਂ ਵੇਖਣੀਆਂ ਹੀ ਹਨ ਤਾਂ ਤੇਰੇ ਸ਼ਹਿਰ ਵਿਚ, ਜੋ ਵਿਅਕਤੀ ਸਭ ਤੋਂ ਵੱਡਾ ਮੂਰਖ (ਬੁੱਧੂ) ਹੈ, ਉਸ ਨੂੰ ਲੈ ਆ। ਉਹ ਤੇਰੇ ਸਾਰੇ ਪ੍ਰਸ਼ਨਾਂ ਦਾ ਉਤਰ ਦੇਵੇਗਾ।" ਪੰਡਤ ਲਾਲ ਚੰਦ ਨੇ ਇਸ ਵਿਚ ਆਪਣੀ ਹੇਠੀ ਸਮਝੀ। ਉਸ ਨੇ ਇਕ ਗੂੰਗੇ ਮੂਰਖ ਵਿਅਕਤੀ, ਜੋ ਜਾਤੀ ਦਾ ਝਿਊਰ ਸੀ, ਨੂੰ ਗੁਰੂ ਜੀ ਸਾਹਮਣੇ ਪੇਸ਼ ਕਰ ਦਿੱਤਾ। ਬਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ 'ਛੱਜੂ ਝਿਊਰ' ਵੱਲ ਨੇਤਰ ਭਰ ਕੇ ਵੇਖਿਆ। ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਐਸੀ ਬਖ਼ਸ਼ਿਸ਼ ਹੋਈ। ਕੁਝ ਵਿਦਵਾਨ ਆਖਦੇ ਹਨ ਕਿ ਗੁਰੂ ਜੀ ਨੇ ਇਕ ਸੋਟੀ ਛੱਜੂ ਦੇ ਸਿਰ ਤੇ ਰੱਖੀ ਸੀ। ਚਾਹੇ ਸਿਰ ਤੇ ਸੋਟੀ ਸੀ ਜਾਂ ਨੇਤ੍ਰਾਂ ਦੀ ਬਖ਼ਸ਼ਿਸ਼ ਸੀ ਪਰ ਹੈ ਤਾਂ ਗੁਰੂ ਮਿਹਰ ਦਾ ਹੱਥ ਹੀ ਸੀ, ਛੱਜੂ ਦੇ ਸਿਰ ਉਪਰ। ਗੁਰੂ ਮਿਹਰ ਨਾਲ ਛੱਜੂ-ਮੂਰਖ ਗਿਆਨਵਾਨ ਪੰਡਤਾਂ ਵਾਂਗ ਗੀਤਾ ਜੀ ਦੇ ਸਲੋਕਾਂ ਦੇ ਅਰਥ ਕਰਕੇ ਦੱਸਣ ਲੱਗ ਪਿਆ। ਲੋਕ ਹੈਰਾਨ ਰਹਿ ਗਏ। ਗੁਰੂ ਸਾਹਿਬ ਦੇ ਦਰਬਾਰ ਦੀ ਮਹਿਮਾ ਹੋਰ ਵੀ ਵੱਧ ਗਈ। ਹੰਕਾਰੀ ਪੰਡਤ ਨੇ ਬਾਲ ਗੁਰੂ ਹਰਿਕ੍ਰਿਸ਼ਨ ਜੀ ਤੋਂ ਮਾਫ਼ੀ ਮੰਗੀ।

ਗੁਰੂ ਜੀ ਜਦੋਂ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਦੀ ਰਾਣੀ ਨੇ, ਗੁਰੂ ਜੀ ਦੀ ਪਰਖ ਕਰਨ ਲਈ, ਆਪਣੇ ਮਨ ਵਿਚ ਇੱਛਾ ਜਾਹਰ ਕੀਤੀ ਕਿ "ਜੇਕਰ ਇਹ ਸੱਚਾ ਗੁਰੂ ਅੰਤਰਜਾਮੀ ਹੈ ਤਾਂ ਮੇਰੇ ਮਹੱਲਾਂ ਵਿਚ ਆ ਕੇ, ਮੇਰੀ ਗੋਦੀ ਵਿਚ ਬੈਠੇ"। ਬਹੁਤ ਸਾਰੀਆਂ ਹੋਰ ਅਮੀਰ ਔਰਤਾਂ ਨੂੰ ਰਾਣੀ ਨੇ ਸਦ ਬੁਲਾ ਕੇ, ਆਪਣੇ ਵਰਗੇ ਕੱਪੜੇ ਹੀ ਉਨ੍ਹਾਂ ਨੂੰ ਪੁਵਾ ਕੇ, ਆਪਣੇ ਕੋਲ ਬਿਠਾ ਲਿਆ। ਘਟ-ਘਟ ਦੇ ਜਾਨਣਹਾਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਮੁਸਕਰਾਉਂਦੇ ਹੋਏ, ਅਡੋਲ ਹੀ ਰਾਣੀ ਦੀ ਗੋਦੀ ਵਿਚ ਜਾ ਕੇ ਬੈਠ ਗਏ। ਜਿਸ ਨਾਲ ਗੁਰੂ ਘਰ ਦੀ ਸ਼ੋਭਾ ਹੋਰ ਵੀ ਵੱਧ ਗਈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨਿਰਭੈ ਅਤੇ ਨਿਰਵੈਰ ਸਨ। ਔਰੰਗਜ਼ੇਬ ਵੱਲੋਂ ਦਿੱਲੀ ਵਿਖੇ, ਗੁਰੂ ਜੀ ਨੂੰ ਕਈ ਸੁਨੇਹੇ ਭੇਜੇ ਗਏ ਪਰ ਗੁਰੂ ਜੀ ਔਰੰਗਜ਼ੇਬ ਦੇ ਕੋਲ ਨਾ ਗਏ। ਆਪ ਜੀ ਨੇ ਬਚਨ ਕੀਤਾ, "ਔਰੰਗਜ਼ੇਬ ਅੱਤਿਆਚਾਰ ਕਰ ਰਿਹਾ ਹੈ। ਅਸੀਂ ਉਸਦੇ ਮੱਥੇ ਨਹੀਂ ਲੱਗਣਾ"। ਔਰੰਗਜ਼ੇਬ ਵੱਲੋਂ ਭੇਜੀਆਂ ਹੋਈਆਂ ਵਸਤਾਂ ਵੀ ਗੁਰੂ ਜੀ ਨੇ ਵਾਪਸ ਕਰ ਦਿੱਤੀਆਂ।

ਉਨ੍ਹੀਂ ਦਿਨੀਂ ਦਿੱਲੀ ਵਿਖੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਨੇ ਇਸ ਮਹਾਂਮਾਰੀ ਦੇ ਰੋਗੀਆਂ ਦੀ ਸੇਵਾ ਲਈ ਸਖ਼ਤ ਘਾਲਣਾ ਘਾਲੀ। ਉਦੋਂ ਗੁਰੂ ਜੀ ਦੀ ਉਮਰ ਮਸਾਂ 7 ਸਾਲ 9 ਮਹੀਨੇ ਦੀ ਹੀ ਸੀ, ਜਦੋਂ ਚੇਚਕ ਨੇ ਆਪ ਜੀ ਤੇ ਵੀ ਹਮਲਾ ਕਰ ਦਿੱਤਾ। ਆਪ ਜੀ ਨੂੰ ਤੇਜ਼ ਬੁਖਾਰ ਹੋ ਗਿਆ। ਸਾਰੇ ਸਰੀਰ ਤੇ ਛਾਲੇ ਛਾਲੇ ਹੋ ਗਏ। ਆਪਣਾ ਅੰਤ ਸਮਾਂ ਨੇੜੇ ਜਾਣ ਕੇ ਗੁਰੂ ਜੀ ਨੇ, ਰਾਜਾ ਜੈ ਸਿੰਘ ਦਾ ਮਹੱਲ ਛੱਡ ਦਿੱਤਾ ਅਤੇ ਸੰਗਤਾਂ ਸਮੇਤ ਜਮੁਨਾ ਨਦੀ ਦੇ ਕੰਢੇ (ਦਿੱਲੀ) ਆ ਕੇ ਡੇਰਾ ਲਾ ਲਿਆ। ਸਭ ਸੰਗਤਾਂ ਨੂੰ ਗੁਰੂ ਜੀ ਨੇ ਗੁਰਬਾਣੀ ਅਨੁਸਾਰ ਜੀਵਨ ਜਿਉਣ ਦਾ ਉਪਦੇਸ਼ ਕੀਤਾ। ਗੁਰੂ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਲੈ ਕੇ ਸੰਗਤ ਨੂੰ ਹੁਕਮ ਕੀਤਾ 'ਬਾਬਾ ਬਕਾਲੇ'। ਜਿਸ ਦਾ ਭਾਵ ਸੀ ਕਿ ਅਗਲਾ ਗੁਰੂ ਬਾਬਾ - ਬਾਬੇ ਬਕਾਲੇ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੈ। ਇਹ ਸੰਕੇਤ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਸੀ।

ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥




ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰੂ ਦੁਆਰਾ ਸ਼੍ਰੀ ਬੰਗਲਾ ਸਾਹਿਬ ਦਿੱਲੀ ਵਿੱਖੇ ਚੇਚਕ ਦਾ ਰੋਗ ਦੂਰ ਕਰਦੇ ਹੋਏ ਅਤੇ ਪੰਜੋਖਰਾ ਸਾਹਿਬ ਵਿਖੇ ਛੱਜੂ ਝੀਵਰ ਤੋ ਗੀਤਾ ਦੇ ਅਰਥ ਕਰਾਉਂਦੇ ਹੋਏ.

**ਕੌਮੀ ਜ਼ਿੰਮੇਵਾਰੀ ਅਤੇ ਪਰਖ** - ਜਦ ਗੁਰੂ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਆਇਆ ਤਾਂ ਆਪ ਨੇ ਸੰਗਤਾਂ ਨੂੰ ਬਾਬਾ ਬਕਾਲੇ ਕਹਿਣ ਦਾ ਭਾਵ ਸੀ ਕੌਮ ਆਪਣਾ ਆਗੂ ਆਪ ਚੁਣਨਾ ਸਿੱਖੇ ਤੇ ਕੌਮ ਨੂੰ ਖੋਟੇ ਅਤੇ ਖਰੇ ਦੀ ਪੜਤਾਲ ਦਾ ਹੱਕ ਹੋਵੇ। ਸਾਰੀ ਗੱਲ ਇਸ ਕਰਕੇ ਸੰਗਤਾਂ ਦੇ ਸਹਾਰੇ ਛੱਡ ਦਿੱਤੀ। ਕਿਤੇ ਕੌਮ ਧੀਰਮੱਲ ਜਿਹੇ ਨੂੰ ਆਪਣਾ ਆਗੂ ਚੁਣ ਲੈਂਦੀ ਤਾਂ ਸਾਬਤ ਹੋ ਜਾਂਦਾ ਕਿ ਇਹ ਕੌਮ ਦੁਨੀਆਂ ਵਿਚ ਵਧਣ ਫੁੱਲਣ ਦੇ ਲਾਇਕ ਨਹੀਂ ਕਿਉਂਕਿ ਇਸ ਨੂੰ ਆਪਣਾ ਆਗੂ ਚੁਨਣ ਦੀ ਜਾਂਚ ਨਹੀਂ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿੱਤੀ ਸ਼ਹਾਦਤ ਬਿਰਥੀ ਜਾਣ ਵਾਲੀ ਨਹੀਂ ਸੀ। ਗੁਰੂ ਹਰਿਕ੍ਰਿਸ਼ਨ ਜੀ ਦਾ ਭਰੋਸਾ ਗਲਤ ਨਹੀਂ ਸੀ। ਕੌਮ ਨੇ ਆਪਣਾ ਆਗੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚੁਣਿਆ। ਇਨ੍ਹਾਂ ਚੁਨਣ ਵਾਲਿਆਂ ਵਿਚੋਂ ਬਾਬਾ ਮੱਖਣ ਸ਼ਾਹ ਲੁਬਾਣਾ ਮੋਹਰੀ ਸੀ। ਸੰਗਤਾਂ ਵੱਲੋਂ ਲੱਭੇ ਗੁਰੂ ਨੇ ਆਪਣੇ ਸਾਰੇ ਜੀਵਨ ਤੇ ਪਵਿੱਤਰ ਬਾਣੀ ਤੇ ਆਖਰ ਆਪਣੀ ਲਾਸਾਨੀ ਸ਼ਹੀਦੀ ਦੁਆਰਾ ਇਹ ਸਾਬਤ ਕਰ ਦਿੱਤਾ ਕਿ ਕੌਮ ਦੀ ਚੋਣ ਗਲਤ ਨਹੀਂ ਸੀ।

30 ਮਾਰਚ 1664 ਈ. ਨੂੰ ਦਿੱਲੀ ਵਿਖੇ ਜਮੁਨਾ ਨਦੀ ਦੇ ਕੰਢੇ, ਗੁਰੂ ਜੀ ਜੋਤਿ ਨਾਲ ਜੋਤਿ ਮਿਲਾ ਗਏ। ਇਸ ਵੇਲੇ ਇਥੇ ਸੁੰਦਰ ਗੁਰਦੁਆਰਾ 'ਸ੍ਰੀ ਬਾਲਾ ਸਾਹਿਬ' ਸੁਸ਼ੋਭਿਤ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨਿਰੰਕਾਰੀ ਜੋਤਿ ਸਨ। ਆਪ ਗਰੀਬਾਂ, ਰੋਗੀਆਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਆਪ ਜੀ ਸਦਾ ਹੀ ਤਤਪਰ ਰਹਿੰਦੇ ਸਨ।

# ਚੋਣਵਾਂ ਸਿੱਖ ਇਤਿਹਾਸ



| ਲੜੀ ਨੰ. | ਗੁਰੂ ਸਾਹਿਬ ਦਾ ਨਾਂ | ਜਨਮ | ਅਕਾਲ ਚਲਾਣਾ | ਉਮਰ |
|---|---|---|---|---|
| 1. | ਗੁਰੂ ਨਾਨਕ ਦੇਵ ਜੀ | 1469 | 1539 | 70 ਸਾਲ |
| 2. | ਗੁਰੂ ਅੰਗਦ ਦੇਵ ਜੀ | 1504 | 1552 | 48 ਸਾਲ |
| 3. | ਗੁਰੂ ਅਮਰਦਾਸ ਜੀ | 1479 | 1574 | 95 ਸਾਲ |
| 4. | ਗੁਰੂ ਰਾਮਦਾਸ ਜੀ | 1534 | 1581 | 47 ਸਾਲ |
| 5. | ਗੁਰੂ ਅਰਜਨ ਦੇਵ ਜੀ | 1563 | 1606 | 43 ਸਾਲ |
| 6. | ਗੁਰੂ ਹਰਗੋਬਿੰਦ ਸਿੰਘ ਜੀ | 1595 | 1644 | 49 ਸਾਲ |
| 7. | ਗੁਰੂ ਹਰਿਰਾਏ ਜੀ | 1630 | 1661 | 36 ਸਾਲ |
| 8. | ਗੁਰੂ ਹਰਕ੍ਰਿਸ਼ਨ ਜੀ | 1656 | 1664 | 68 ਸਾਲ |
| 9. | ਗੁਰੂ ਤੇਗ ਬਹਾਦੁਰ ਜੀ | 1621 | 1675 | 54 ਸਾਲ |
| 10. | ਗੁਰੂ ਗੋਬਿੰਦ ਸਿੰਘ ਜੀ | 1666 | 1708 | 42 ਸਾਲ |

## ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ

| ਲੜੀ ਨੰ. | ਸਾਹਿਬਜ਼ਾਦਿਆਂ ਦਾ ਨਾਂ | ਜਨਮ | ਅਕਾਲ ਚਲਾਣਾ | ਉਮਰ |
|---|---|---|---|---|
| 1. | ਬਾਬਾ ਅਜੀਤ ਸਿੰਘ ਜੀ | 1687 | 1704 | 17 ਸਾਲ |
| 2. | ਬਾਬਾ ਜੁਝਾਰ ਸਿੰਘ ਜੀ | 1689 | 1704 | 15 ਸਾਲ |
| 3. | ਬਾਬਾ ਜੋਰਾਵਰ ਸਿੰਘ ਜੀ | 1696 | 1704 | 08 ਸਾਲ |
| 4. | ਬਾਬਾ ਫਤਿਹ ਸਿੰਘ ਜੀ | 1698 | 1704 | 06 ਸਾਲ |

## ਚਮਕੌਰ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਸਾਹਿਬਜ਼ਾਦੇ

1. ਬਾਬਾ ਅਜੀਤ ਸਿੰਘ ਜੀ   2. ਬਾਬਾ ਜੁਝਾਰ ਸਿੰਘ ਜੀ

## ਜਿੰਦਾਂ ਨੀਹਾਂ ਵਿਚ ਚਿਣੇ ਗਏ ਸਾਹਿਬਜ਼ਾਦੇ

1. ਬਾਬਾ ਜੋਰਾਵਰ ਸਿੰਘ ਜੀ   2. ਬਾਬਾ ਫਤਿਹ ਸਿੰਘ ਜੀ

## ਖਾਲਸਾ ਪੰਥ

ਖਾਲਸਾ ਪੰਥ ਦੀ ਸਥਾਪਨਾ 1699 ਈਸਵੀਂ ਵਿਚ ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਪੰਜਾਂ ਪਿਆਰਿਆਂ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਸਾਰੇ ਅਲੱਗ-ਅਲੱਗ ਵਰਨਾਂ ਨੂੰ ਅੰਮ੍ਰਿਤ ਛਕਾ ਕੇ ਕੀਤੀ।

## ਸਿੱਖਾਂ ਦੇ ਮਰਿਆਦਾ ਅਨੁਸਾਰ ਪੰਜ ਤਖਤ ਹਨ

1. ਸ੍ਰੀ ਅਕਾਲ ਤਖਤ ਸਾਹਿਬ (ਅੰਮ੍ਰਿਤਸਰ)   2. ਸ੍ਰੀ ਹਰਮੰਦਿਰ ਸਾਹਿਬ (ਪਟਨਾ ਸਾਹਿਬ)   3. ਸ੍ਰੀ ਕੇਸਗੜ੍ਹ ਸਾਹਿਬ (ਆਨੰਦਪਰ ਸਾਹਿਬ)
4. ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਂਰਾਸ਼ਟਰਾ)   5. ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)

## ਗੁਰੂਆਂ ਬਾਰੇ ਜਾਣਕਾਰੀ

1. ਗੁਰਮੁਖੀ ਲਿਪੀ ਗੁਰੂ ਅੰਗਦ ਦੇਵ ਜੀ ਨੇ ਪੜ੍ਹਾਉਣੀ ਸ਼ੁਰੂ ਕੀਤੀ।
2. ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਹਰਮੰਦਿਰ ਸਾਹਿਬ ਬਣਵਾਇਆ ਅਤੇ ਉਸ ਤੇ ਪਹਿਲੀ ਵਾਰ ਮਹਾਰਾਜਾ ਰਣਨਜੀਤ ਸਿੰਘ ਨੇ ਸੋਨੇ ਦੀ ਝਾਲ ਵਾਲੇ ਪਤਰੇ ਲਗਵਾਏ।
3. ਅੰਮ੍ਰਿਤਸਰ ਵਿਖੇ ਹਰਮੰਦਿਰ ਸਾਹਿਬ ਵਿੱਚ ਸ੍ਰੀ ਗੁਰੂ ਰਾਮਦਾਜ ਜੀ ਨੇ ਸਰੋਵਰ ਬਣਵਾਇਆ।
4. ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਆਪਣੇ ਕੋਲ ਬਿਠਾ ਕੇ ਗੁਰੂ ਗ੍ਰੰਥ ਸਾਹਿਬ ਲਿਖਵਾਣਾ ਸ਼ੁਰੂ ਕੀਤਾ ਅਤੇ 30 ਸਤੰਬਰ 1604 ਨੂੰ ਇਸ ਦੀ ਲਿਖਤ ਸੰਪੂਰਨ ਹੋਈ।
5. ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ 1 ਅਕਤੂਬਰ 1604 ਨੂੰ ਗੁਰਦੁਆਰਾ ਸ੍ਰੀ ਹਰਮੰਦਿਰ ਸਾਹਿਬ ਅੰਮ੍ਰਿਤਸਰ ਵਿਚ ਹੋਇਆ ਅਤੇ ਬਾਬਾ ਬੁੱਢਾ ਜੀ ਇਸ ਦੇ ਪਹਿਲੇ ਹੈੱਡ-ਗ੍ਰੰਥੀ ਨਿਯੁਕਤ ਕੀਤੇ ਗਏ।

6. ਪਹਿਲਾ ਹੁਕਮਨਾਮਾ "ਸੰਤਾਂ ਕੇ ਕਾਰਜਿ ਆਪ ਖਲੋਇਆ ਹਰ ਕੰਮ ਕਰਾਵਣ ਆਇਆ ਰਾਮ"

7. ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਇਕੱਤਰ ਕਰਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਆਦਿ ਗ੍ਰੰਥ ਵਿਚ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ, ਜਿਸ ਦੇ 1430 ਪੰਨੇ ਹਨ।

8. ਸ੍ਰੀ ਗੁਰੂ ਤੇਗ ਬਹਾਦੁਰ ਨੇ ਹਿੰਦੂ ਧਰਮ ਦੀ ਖਾਤਿਰ ਆਪਣੀ ਸ਼ਹਾਦਤ ਦਿੱਤੀ। ਇਸ ਲਈ ਇਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ।

9. ਗੁਰੂ ਨਾਨਕ ਦੇਵ ਜੀ ਨੇ ਪਹਿਲਾ ਗੁਰਦੁਆਰਾ 1521 ਈਸਵੀਂ ਵਿਚ ਕਰਤਾਰਪੁਰ (ਪਾਕਿਸਤਾਨ) ਵਿਖੇ ਬਣਵਾਇਆ।

10. ਗੁਰੂ ਨਾਨਕ ਸਾਹਿਬ ਵੇਲੇ ਮੁਗਲ ਰਾਜੇ ਬਾਬਰ ਦਾ ਰਾਜ ਸੀ।

11. ਗੁਰੂ ਨਾਨਕ ਦੇਵ ਜੀ 1539 ਈਸਵੀ ਵਿਚ ਕਰਤਾਰਪੁਰ ਵਿਖੇ ਜੋ ਹੁਣ ਪਾਕਿਸਤਾਨ ਵਿਚ ਹੈ ਜੋਤਿ ਜੋਤ ਸਮਾ ਗਏ।

ਗੁਰੂ ਗ੍ਰੰਥ ਸਾਹਿਬ ਵਿਖੇ ਛੇ ਗੁਰੂਆਂ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿਘ ਜੀ 15 ਭਗਤਾਂ ਭਗਤ ਫਕੀਰ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਤਿਲੋਚਨ ਜੀ, ਭਗਤ ਧੰਨਾ ਜੀ, ਭਗਤ ਬੈਨੀ ਜੀ, ਭਗਤ ਭੀਖਨ ਜੀ, ਭਗਤ ਜੈ ਦੇਵ ਜੀ, ਭਗਤ ਨਾਮਦੇਵ ਜੀ, ਭਗਤ ਪਰਮਾਨੰਦ ਜੀ, ਭਗਤ ਪੀਪਾ ਜੀ, ਭਗਤ ਰਾਮਾਨੰਦ ਜੀ, ਭਗਤ ਸੈਣ ਜੀ, ਭਗਤ ਸੂਰਦਾਸ ਜੀ ਅਤੇ 11 ਭੱਟਾਂ ਭੱਟ ਕਲਸਹਾਰ ਜੀ, ਭੱਟ ਜਾਲਪ ਜੀ, ਭੱਟ ਕੀਰਤ ਜੀ, ਭੱਟ ਭਿੱਖਾ ਜੀ, ਭੱਟ ਸਲ੍ਹ ਜੀ, ਭੱਟ ਭਲ੍ਹ ਜੀ, ਭੱਟ ਨਲ੍ਹ ਜੀ, ਭੱਟ ਬਲ੍ਹ ਜੀ, ਭੱਟ ਹਰਿਬੰਸ ਜੀ, ਭੱਟ ਗਯਦ ਜੀ ਅਤੇ ਭੱਟ ਮਥਰਾ ਜੀ ਦੀ ਬਾਣੀ ਦਰਜ ਹੈ।

**ਹਰਦਿਆਲ ਸਿੰਘ ਘੋਤੜਾਵਿੱਤ ਸਕੱਤਰ**

## ਇਲਾਕੇ ਦੀ ਸੇਵਾ ਕਰ ਰਿਹਾ ਵਿੱਦਿਅਕ ਅਦਾਰਾ

# ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ (ਕਪੂਰਥਲਾ)

**ਜੋਗਿੰਦਰ ਸਿੰਘ ਅਜੈਬ**



ਪੰਜਾਬ ਸਰਕਾਰ ਵੱਲੋਂ 1969 ਈ. ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਉਤਸਵ ਵੱਡੇ ਪੱਧਰ 'ਤੇ ਮਨਾਇਆ ਗਿਆ ਸੀ। ਪੰਜਾਬ ਸਰਕਾਰ ਨੇ ਅਨੇਕਾਂ ਨਵੀਆਂ ਯੋਜਨਾਵਾਂ ਉਲੀਕੀਆਂ ਸਨ। ਇਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਸਥਾਪਤ ਹੋਈ ਅਤੇ 18 ਕਾਲਜ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਖੋਲ੍ਹੇ ਗਏ। ਉਸ ਸਮੇਂ ਇਲਾਕੇ ਦੀ ਸੇਵਾ ਮਾਨਯੋਗ ਬਾਵਾ ਹਰਨਾਮ ਸਿੰਘ ਜੀ ਜੋ ਸਰਕਾਰ ਵਿਚ ਜੰਗਲਾਤ ਦੇ ਰਾਜ ਮੰਤਰੀ ਸਨ, ਉਨ੍ਹਾਂ ਦੀ ਯੋਗ ਅਗਵਾਈ ਹੇਠ ਭੁਲੱਥ ਹਲਕੇ ਵਿਚ ਦੋ ਕਾਲਜ ਸ਼ਾਮਲ ਕੀਤੇ ਗਏ ਜਿਨ੍ਹਾਂ 'ਚ ਪਹਿਲਾ ਗੁਰੂ ਨਾਨਕ ਪ੍ਰੇਮ ਕਰਮਸਰ ਖਾਲਸਾ ਕਾਲਜ ਨਡਾਲਾ ਅਤੇ ਦੂਜਾ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ (ਕਪੂਰਥਲਾ) ਖੋਲ੍ਹੇ ਗਏ। ਸੰਤ ਪ੍ਰੇਮ ਸਿੰਘ ਜੀ ਆਪਣੇ ਜੀਵਨ ਵਿਚ ਸਿੰਘ ਸਭਾ ਲਹਿਰ ਅਤੇ ਚੀਫ਼ ਖਾਲਸਾ ਦੀਵਾਨ ਦੇ ਮੈਂਬਰ ਸਨ ਅਤੇ ਇਸ ਗੱਲ ਦਾ ਪ੍ਰਭਾਵ ਬਾਵਾ ਹਰਨਾਮ ਸਿੰਘ ਜੀ ਹੁਰਾਂ ਉੱਪਰ ਵੀ ਸੀ। ਸੰਨ 1873 ਈ. ਵਿਚ ਜਦੋਂ ਸਿੰਘ ਸਭਾ ਲਹਿਰ ਹੋਂਦ ਵਿਚ ਆਈ ਤਾਂ ਉਸ ਸਮੇਂ ਸਿੱਖ ਧਰਮ ਵਿਚ ਬੜੀ ਗਿਰਾਵਟ ਆ ਚੁੱਕੀ ਸੀ। ਇਸ ਸਮੇਂ ਅਨਪੜ੍ਹਤਾ ਅਤੇ ਹੋਰ ਸਮਾਜਿਕ ਬੁਰਾਈਆਂ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਸਨ। ਅਜਿਹੀਆਂ ਪ੍ਰਸਥਿਤੀਆਂ ਵਿਚ ਬਾਵਾ ਹਰਨਾਮ ਸਿੰਘ ਜੀ ਦੇ ਉੱਦਮ ਸਦਕਾ ਇਲਾਕੇ ਵਿਚ ਖੋਲ੍ਹੇ ਗਏ ਦੋ ਕਾਲਜਾਂ ਨਾਲ ਇਲਾਕੇ ਦੇ ਗਰੀਬ ਵਿਦਿਆਰਥੀਆਂ ਨੇ ਵਿੱਦਿਆ ਪ੍ਰਾਪਤ ਕਰਕੇ ਵਿੱਦਿਅਕ, ਖੇਡਾਂ, ਸਮਾਜਿਕ ਅਤੇ ਰਾਜਨੀਤਕ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਇਸ ਸੰਸਥਾ ਨੂੰ ਖੋਲ੍ਹਣ ਵਾਸਤੇ ਬਾਵਾ ਹਰਨਾਮ ਸਿੰਘ ਜੀ ਦੀ ਅਗਵਾਈ ਹੇਠ ਸਵ. ਡਾ. ਪ੍ਰੀਤਮ ਸਿੰਘ ਜੀ ਬੇਗੋਵਾਲ, ਸਵ. ਪ੍ਰੋ. ਸਰਵਨ ਸਿੰਘ ਜੀ, ਸਵ. ਸਰਪੰਚ ਅਮਰ ਸਿੰਘ ਜੀ, ਸਵ. ਪ੍ਰਿੰਸੀਪਲ ਗੁਰਚਰਨ ਸਿੰਘ ਜੀ, ਸਵ. ਬਾਵਾ ਨਰਿੰਜਨ ਸਿੰਘ ਜੀ, ਸਵ. ਗਿਆਨੀ ਕ੍ਰਿਪਾਲ ਸਿੰਘ ਜੀ ਜੈਦ, ਸਵ. ਜਥੇਦਾਰ ਮੰਗਲ ਸਿੰਘ ਜੀ ਬੇਗੋਵਾਲ ਆਦਿ 'ਤੇ ਕਮੇਟੀ ਬਣਾ ਕੇ ਇਲਾਕੇ ਵਿਚੋਂ ਉਗਰਾਹੀ ਕਰਕੇ ਇਸ ਸੰਸਥਾ ਦਾ ਨਿਰਮਾਣ ਕੀਤਾ ਅਤੇ ਸਭ ਤੋਂ ਪਹਿਲੇ ਪ੍ਰਿੰਸੀਪਲ ਜੋਧ ਸਿੰਘ ਜੀ ਨੂੰ ਇਸ ਸੰਸਥਾ ਦੀ ਸੇਵਾ ਦਿੱਤੀ ਗਈ। ਉਸ ਸਮੇਂ ਬੇਗੋਵਾਲ ਦੀ ਪੰਚਾਇਤ ਦੇ ਮੁਖੀ ਸਵ. ਸ. ਅਮਰ ਸਿੰਘ ਸਰਪੰਚ ਸਨ। ਜਿਨ੍ਹਾਂ ਨੇ ਲਗਭਗ 41 ਏਕੜ ਇਸ ਕਾਲਜ ਦੇ ਨਾਮ 'ਤੇ ਪੰਚਾਇਤ ਦੀ ਜ਼ਮੀਨ ਦਾ ਮਤਾ ਪੁਆਇਆ। ਬਾਅਦ ਵਿਚ ਉਨ੍ਹਾਂ ਨੂੰ ਇਸ ਦਾ ਸਿਆਸੀ ਤੌਰ 'ਤੇ ਖਮਿਆਜ਼ਾ ਵੀ ਭੁਗਤਣਾ ਪਿਆ। ਅੱਜਕਲ੍ਹ ਇਸ ਸੰਸਥਾ ਦੇ ਪ੍ਰਿੰਸੀਪਲ ਡਾ. ਜਗਰਾਜ ਸਿੰਘ ਹਨ ਅਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜੀਤ ਸਿੰਘ ਜੀ ਯੂ.ਐਸ.ਏ. ਕੰਮ ਚਲਾ ਰਹੇ ਹਨ।



**ਬਾਵਾ ਹਰਨਾਮ ਸਿੰਘ ਜੀ**
**ਖੇਤੀਬਾੜੀ ਅਤੇ ਜੰਗਲਾਤ ਰਾਜ ਮੰਤਰੀ**

**ਬਾਕੀ ਅਗਲੇ ਅੰਕ 'ਚ.....**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਜੁਲਾਈ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

***ਜਨਰਲ ਸਕੱਤਰ ਦੀ ਕਲਮ ਤੋਂ*** .....



**ਵਰਕਿੰਗ ਕਮੇਟੀ ਦੀ ਮੀਟਿੰਗ** :- ਵਰਕਿੰਗ ਕਮੇਟੀ ਦੀ ਮੀਟਿੰਗ ਮਿਤੀ-08-07-2017 ਨੂੰ ਬੜੀ ਸ਼ਾਂਤੀਪੂਰਵਕ ਅਤੇ ਸੁਚਾਰੂ ਢੰਗ ਨਾਲ ਹੋਈ। ਜਿਸ ਵਿਚ ਸਾਰੇ ਵਰਕਿੰਗ ਕਮੇਟੀ ਦੇ ਮੈਂਬਰਾਂ ਨੇ ਹਾਜ਼ਰੀ ਭਰ ਕੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਧਾਨ ਜੀ ਨੇ ਭਵਨ ਦੀ ਰਿਪੇਅਰ ਤੇ ਮੇਨਟੇਨਸ ਦੇ ਕੰਮ ਬਾਰੇ ਮੈਂਬਰਾਂ ਦੇ ਧਿਆਨ ਵਿਚ ਲਿਆਂਦਾ ਜੋ ਇਸ ਪ੍ਰਕਾਰ ਹੈ :-

**ਵਿਹੜੇ ਦੇ ਫਰਸ਼ ਨੂੰ ਪੱਧਰਾ ਤੇ ਪੱਥਰ ਲਾਉਣ ਬਾਰੇ** :- ਭਵਨ ਦੀ ਦਿੱਖ ਨੂੰ ਆਕਰਸ਼ਿਤ ਬਨਾਉਣ ਲਈ ਭਾਈ ਮਨੀ ਸਿੰਘ ਬਲਾਕ ਦੇ ਮਿਨੀ ਹਾਲ ਤੋਂ ਲੈ ਕੇ ਡੈਂਟਲ ਕਲੀਨਿਕ ਤੱਕ ਦੇ ਫਰਸ਼ ਨੂੰ ਪੱਥਰ ਲਾ ਕੇ ਪੱਕਾ ਕਰਨ ਦੀ ਵਰਕਿੰਗ ਕਮੇਟੀ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਮਿਤੀ-24-07-2017 ਨੂੰ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਹ ਕੰਮ ਜਲਦੀ ਹੀ ਪੂਰਾ ਕਰ ਦਿੱਤਾ ਜਾਵੇਗਾ।



**ਕਮਰੇ ਵਿਚ ਵਾਧੂ ਬੈੱਡ ਬਾਰੇ** :- ਕਮਰਿਆਂ ਦੀ ਬੁਕਿੰਗ ਵੇਲੇ ਬੁਕਿੰਗ ਕਰਵਾਉਣ ਵਾਲਿਆਂ ਵੱਲੋਂ ਗੱਦੇ ਦੀ ਮੰਗ ਹੁੰਦੀ ਹੈ, ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਮੈਨੇਜਮੈਂਟ ਨੇ ਫੈਸਲਾ ਕੀਤਾ ਹੈ ਕਿ ਵਾਧੂ ਬੈੱਡ ਕਮਰੇ ਵਿਚ ਲੋੜ ਮੁਤਾਬਿਕ ਗੱਦਾ ਦਿੱਤਾ ਜਾਵੇਗਾ ਅਤੇ ਕਿਰਾਏ ਵਜੋਂ ਪੁਰਾਣੇ ਬਲਾਕ ਦੇ 100 ਰੁਪਏ ਅਤੇ ਨਵੇਂ ਬਲਾਕ ਦੇ 200 ਰੁਪਏ ਚਾਰਜ ਕੀਤੇ ਜਾਣਗੇ।

**ਏ.ਸੀ. ਪਲਾਂਟ ਦੀ ਰਿਪੇਅਰ ਬਾਰੇ** :- ਏ.ਸੀ. ਪਲਾਂਟ ਦੀ ਪੂਰੀ ਤਰ੍ਹਾਂ ਕੂਲਿੰਗ ਨਾ ਹੋਣ ਕਰਕੇ ਰਿਪੇਅਰ ਦੀ ਲੋੜ ਸੀ ਅਤੇ ਰਿਪੇਅਰ ਕਰਵਾਉਣ ਤੇ

24000 ਰੁਪਏ ਖਰਚਾ ਆਇਆ ਹੈ ਤੇ ਏ.ਸੀ. ਪਲਾਂਟ ਹੁਣ ਠੀਕ ਤਰ੍ਹਾਂ ਕੂਲਿੰਗ ਕਰ ਰਿਹਾ ਹੈ ਤੇ ਬੁਕਿੰਗ ਕਰਵਾਉਣ ਵਾਲਿਆਂ ਨੂੰ ਹੁਣ ਕੋਈ ਮੁਸ਼ਕਿਲ ਨਹੀਂ ਆ ਰਹੀ ਹੈ।

**ਜਨਰੇਟਰ ਸੈੱਟ ਖਰੀਦਣ ਬਾਰੇ** :- ਭਵਨ ਵਿਖੇ ਲਾਈਟ ਨਾ ਹੋਣ ਤੇ ਬਹੁਤ ਔਖੀ ਹੁੰਦੀ ਹੈ ਜਿਸ ਲਈ 62 ਕੇ.ਵੀ. ਦੇ ਜਨਰੇਟਰ ਸੈੱਟ ਖਰੀਦਣ ਬਾਰੇ ਸੋਚਿਆ ਜਾ ਰਿਹਾ ਹੈ ਅਤੇ ਜਲਦ ਹੀ ਇਸ ਕੰਮ ਲਈ ਯੋਗ ਕਦਮ ਚੁੱਕੇ ਜਾਣਗੇ।

**ਸੋਲਰ ਸਿਸਟਮ ਲਗਵਾਉਣ ਬਾਰੇ** :- ਭਵਨ ਵਿਖੇ ਸੋਲਰ ਸਿਸਟਮ ਲਗਵਾਉਣ ਦੀ ਲੋੜ ਹੈ ਕਿਉਂਕਿ ਸਰਕਾਰ ਵੱਲੋਂ ਵੀ ਸੋਲਰ ਸਿਸਟਮ ਲਗਾਉਣ ਨੂੰ ਜ਼ਰੂਰੀ ਕੀਤਾ ਜਾ ਰਿਹਾ ਹੈ। ਸੋਲਰ ਸਿਸਟਮ ਲਾਉਣ ਵਾਲੀਆਂ ਦੋ ਕੰਪਨੀਆਂ ਨਾਲ ਪ੍ਰਧਾਨ ਜੀ ਨੇ ਸੰਪਰਕ ਕੀਤਾ ਹੈ ਤੇ ਅਨੁਮਾਨਿਤ ਖਰਚਾ ਪਤਾ ਕੀਤਾ ਹੈ ਅਤੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਬਾਰੇ ਚਰਚਾ ਹੋਈ ਅਤੇ ਰਿਜਨਲ ਪ੍ਰਧਾਨ ਸ. ਪਰਮਿੰਦਰਜੀਤ ਸਿੰਘ ਨੇ ਕਿਹਾ ਕਿ ਉਹ ਜਲੰਧਰ ਤੋਂ ਵੀ ਇਸ ਦੇ ਖਰਚੇ ਬਾਰੇ ਪਤਾ ਕਰਨਗੇ। ਕਾਰਜਕਾਰਨੀ ਕਮੇਟੀ ਵਿਚ ਚਰਚਾ ਕਰਨ ਉਪਰੰਤ ਹੀ ਇਸ ਬਾਰੇ ਫੈਸਲਾ ਲਿਆ ਜਾਵੇਗਾ।

**ਐਲ.ਈ.ਡੀ ਲਾਈਟਸ ਲਾਉਣ ਬਾਰੇ** :- ਭਵਨ ਵਿਖੇ ਜਿੰਨੀ ਵੀ ਲਾਈਟਾਂ ਹਨ, ਉਨ੍ਹਾਂ ਨੂੰ ਐਲ.ਈ.ਡੀ. ਲਾਈਟ ਵਿਚ ਬਦਲ ਬਾਰੇ ਸੋਚਿਆ ਜਾ ਰਿਹਾ ਹੈ ਅਤੇ ਸ. ਹਰਜਿੰਦਰਪਾਲ ਸਿੰਘ (ਬਿੱਟੂ) ਐਚ.ਪੀ. ਨਾਲ ਗੱਲ ਕਰਨ 'ਤੇ ਪਤਾ ਲੱਗਿਆ ਕਿ ਉਹ ਸਿਸਕਾ (Syska) ਕੰਪਨੀ ਦੇ ਡਿਸਟਰੀਬਿਊਟਰ ਹਨ ਤੇ ਉਹ ਸਾਰੀ ਐਲ.ਈ.ਡੀ. ਲਾਈਟਾਂ ਲੱਗੇ ਰੇਟ ਤੇ ਹੀ ਭਵਨ ਲਈ ਖਰੀਦ ਦੇਣਗੇ।

**ਪਾਲਕੀ ਸਾਹਿਬ ਤੇ ਚੰਦੋਆ ਖਰੀਦਣ ਬਾਰੇ** :- ਗੁਰਦੁਆਰਾ ਸਾਹਿਬ ਲਈ ਪਾਲਕੀ ਸਾਹਿਬ ਪਟਿਆਲਾ ਤੋਂ ਖਰੀਦੀ ਗਈ ਹੈ ਅਤੇ ਚੰਦੋਆ ਸਾਹਿਬ ਦੀ ਸੇਵਾ ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ (ਹੈੱਡਕੁਆਰਟਰ) ਨੇ ਕੀਤੀ ਹੈ। ਇਸ ਦੀ ਵਰਕਿੰਗ ਕਮੇਟੀ ਵਲੋਂ ਪ੍ਰਵਾਨਗੀ ਲੈ ਲਈ ਗਈ ਹੈ ਅਤੇ ਰਾਗੀ ਜੱਥੇ ਲਈ ਘੱਟੋਂ ਘੱਟ ਚਾਰ ਬੰਦਿਆਂ ਲਈ ਬੈਂਚ ਬਨਵਾਉਣ ਲਈ ਵੀ ਵਰਕਿੰਗ ਕਮੇਟੀ ਤੋਂ ਪ੍ਰਵਾਨਗੀ ਲਈ ਗਈ ਹੈ ਅਤੇ ਛੇਤੀ ਹੀ ਇਹ ਕੰਮ ਪੂਰਾ ਕਰ ਦਿੱਤਾ ਜਾਵੇਗਾ।

**ਨੋਨ ਲੁਬਾਣਾ ਮੈਂਬਰ ਬਨਾਉਣ ਬਾਰੇ** :- ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਇਹ ਵੀ ਫੈਸਲਾ ਹੋਇਆ ਕਿ ਭਵਨ ਵਿਖੇ ਜੋ ਵੀ ਨੋਨ ਲੁਬਾਣਾ ਮੈਂਬਰ ਬਨਾਉਣੇ ਹਨ ਉਹ 10,000 ਰੁਪਏ ਲੈ ਕੇ ਡੋਨਰ ਮੈਂਬਰ ਹੀ ਬਣਾਏ ਜਾਣ।

**ਜਲੰਧਰ ਵਿਖੇ ਕੋਚਿੰਗ ਸੈਂਟਰ ਖੋਲਣ ਬਾਰੇ** :- ਜਲੰਧਰ ਵਿਖੇ ਕੋਚਿੰਗ ਸੈਂਟਰ ਖੋਲਣ ਦੀ ਲੋੜ ਹੈ, ਜਿਸ ਨਾਲ ਉੱਥੇ ਦੇ ਬੱਚਿਆਂ ਨੂੰ ਘੱਟ ਫੀਸ ਤੇ ਕੋਚਿੰਗ ਦਿੱਤੀ ਜਾ ਸਕੇ। ਕੋਚਿੰਗ ਸੈਂਟਰ ਲਈ ਥਾਂ ਵੀ ਚਾਹੀਦੀ ਹੈ ਅਤੇ ਇਸ ਪ੍ਰੋਜੈਕਟ ਦਾ ਖਰਚਾ 13.50 ਲੱਖ ਰੁਪਏ ਹੋ ਸਕਦਾ ਹੈ। ਇਸ ਬਾਰੇ ਵਰਕਿੰਗ ਕਮੇਟੀ ਵਿਚ ਫੈਸਲਾ ਕੀਤਾ ਗਿਆ ਕਿ ਪਹਿਲਾ ਰਿਜਨਲ ਪ੍ਰਧਾਨਾਂ ਰਾਹੀਂ ਹੋਣਹਾਰ ਵਿਦਿਆਰਥੀ ਚੁਣ ਲਏ ਜਾਣ ਫਿਰ ਕਿਰਾਏ ਦੀ ਬਿਲਡਿੰਗ ਬਾਰੇ ਸੋਚਿਆ ਜਾਵੇਗਾ ਅਤੇ ਕੋਚਿੰਗ ਸੈਂਟਰ ਲਈ ਜ਼ਮੀਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਪੱਕਾ ਕੋਚਿੰਗ ਸੈਂਟਰ ਬਣ ਸਕੇ।

**ਸਕਾਲਰਸ਼ਿਪ ਸਕੀਮ ਬਾਰੇ** :- ਸੈਂਟਰਲ ਸਰਕਾਰ ਵਲੋਂ ਘੱਟ ਗਿਣਤੀ ਦੇ ਹੋਣਹਾਰ ਤੇ ਲੋੜਵੰਦ ਬੱਚਿਆਂ ਨੂੰ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਇਸ ਸਕੀਮ ਦਾ ਸਾਰਾ ਵੇਰਵਾ ਸਰਕਾਰ ਦੀ ਵੈੱਬਸਾਈਟ ਤੇ ਉਪਲਬਧ ਹੈ ਤੇ ਜਿਨ੍ਹਾਂ ਨੂੰ ਇਸ ਸਕੀਮ ਦਾ ਪਹਿਲਾ ਲਾਭ ਮਿਲ ਚੁੱਕਿਆ ਹੈ ਉਨ੍ਹਾਂ ਦੇ ਫਾਰਮ ਭਰਨ ਦੀ ਆਖਿਰੀ ਤਾਰੀਖ 31 ਜੁਲਾਈ 2017 ਹੈ ਅਤੇ ਜਿਨ੍ਹਾਂ ਨੇ ਨਵੇਂ ਸਿਰੇ ਤੋਂ ਫਾਰਮ ਭਰਨੇ ਹਨ, ਉਸ ਦੀ ਆਖਿਰੀ ਤਾਰੀਖ 31 ਅਗਸਤ 2017 ਹੈ। ਇਸ ਦਾ ਸਾਰਾ ਵੇਰਵਾ ਤੇ ਸਕੀਮ ਰਿਜਨਲ ਪ੍ਰਧਾਨਾਂ ਨੂੰ ਭੇਜ ਦਿੱਤੀ ਗਈ ਹੈ ਅਤੇ ਬੇਨਤੀ ਕੀਤੀ ਗਈ ਹੈ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਇਸ ਸਕੀਮ ਬਾਰੇ ਜਾਣੂ ਕਰਵਾਉਣ ਅਤੇ ਆਨਲਾਈਨ ਫਾਰਮ ਭਰਵਾ ਅਤੇ ਜਮ੍ਹਾ ਕਰਵਾ ਕੇ ਭਵਨ ਦੀ ਮੈਨੇਜਮੈਂਟ ਨੂੰ ਸੂਚਨਾ ਭੇਜ ਦੇਣ।

**ਐਮਬੂਲੈਂਸ-ਕੰਮ-ਕਲੀਨਿਕਲ ਮੋਬਾਇਲ ਵੈਨ ਬਾਰੇ** :- ਐਮਬੂਲੰਸ ਕੰਮ ਮੋਬਾਇਲ ਵੈੱਨ ਦੇ ਜਲੰਧਰ ਪਹੁੰਚਣ ਤੇ ਹੁਣ ਤੱਕ 18 ਕੈਂਪ ਲਗ ਚੁੱਕੇ ਹਨ ਤੇ ਜਲੰਧਰ ਦੇ ਮੈਂਬਰਾਂ ਨੇ ਭਵਨ ਦੀ ਮੈਨੇਜਮੈਂਟ ਨੂੰ ਭਰੋਸਾ ਦਿਵਾਇਆ ਕਿ ਪਹਿਲਾਂ ਨਾਲੋਂ ਅੱਧਾ ਖਰਚਾ ਹੋਵੇਗਾ। ਜਲੰਧਰ ਦੇ ਮੈਂਬਰਾਂ ਦੀ ਮੰਗ ਮੁਤਾਬਿਕ ਐਮਬੂਲੈਂਸ-ਕੰਮ- ਮੋਬਾਇਲ ਵੈਨ ਲਈ ਸੈੱਡ ਬਨਾਉਣ ਦੀ ਲੋੜ ਹੈ। ਜਿਸ ਨੂੰ ਅਗਲੀ ਹੋਣ ਵਾਲੀ ਵਰਕਿੰਗ ਕਮੇਟੀ ਵਿਚ ਪ੍ਰਵਾਨਗੀ ਦਿੱਤੀ ਜਾਵੇਗੀ।

**ਬੰਦ ਬਾਥਰੂਮ ਖੋਲਣ ਬਾਰੇ** :- ਪ੍ਰਧਾਨ ਸਾਹਿਬ, ਮੀਤ ਪ੍ਰਧਾਨ, ਮੇਨਟੇਨਸ ਸਕੱਤਰ ਨੇ ਮੇਨ ਆਡੀਟਾਰੀਯਮ ਦੀ ਬਿਲਡਿੰਗ ਅਤੇ ਗਰੀਨ ਰੂਮ ਦਾ ਸਰਵੇ ਕੀਤਾ ਤੇ ਪਤਾ ਲੱਗਿਆ ਕਿ ਗਰੀਨ ਰੂਮ ਦੇ ਉੱਪਰ ਦੇ ਦੋ ਬਾਥਰੂਮ ਪਿਛਲੇ ਤਿੰਨ ਸਾਲ ਤੋਂ ਬੰਦ ਪਏ ਸੀ। ਜਦੋਂ ਉਨ੍ਹਾਂ ਬਾਥਰੂਮਾਂ ਨੂੰ ਖੋਲ ਕੇ ਵੇਖਿਆ ਗਿਆ ਤਾਂ ਅੰਦਰ ਬਹੁਤ ਗੰਦ ਸੀ ਅਤੇ ਸਾਰਾ ਸਾਮਾਨ ਜਿਸ ਤਰ੍ਹਾਂ ਪੱਖੇ, ਟੂਟੀਆਂ ਅਤੇ ਵਾਸ ਬੇਸਿਨ ਗਾਇਬ ਸਨ। ਪ੍ਰਧਾਨ ਜੀ ਨੇ ਹੁਕਮ ਕੀਤਾ ਕਿ ਇਹ ਦੋਵੇਂ ਬਾਥਰੂਮ ਪੂਰੀ ਤਰ੍ਹਾਂ ਸਾਫ ਕਰਕੇ ਸਾਰਾ ਸਾਮਾਨ ਪੂਰਾ ਕੀਤਾ ਜਾਵੇ ਅਤੇ ਬਾਥਰੂਮ ਵਰਤੋਂ ਵਿਚ ਲਿਆਂਦਾ ਜਾਵੇ ਅਤੇ ਇਨ੍ਹਾਂ ਬਾਥਰੂਮਾਂ ਦੇ ਬੰਦ ਰਹਿਣ ਦੇ ਕਾਰਨ ਅਤੇ ਗਾਇਬ ਹੋਏ ਸਾਮਾਨ ਬਾਰੇ ਪੜਤਾਲ ਕਰਕੇ ਮੈਨੇਜਮੈਂਟ ਦੇ ਧਿਆਨ ਵਿਚ ਲਿਆਂਦਾ ਜਾਵੇ।

**ਸਟੋਰ ਸਾਫ ਕਰਨ ਬਾਰੇ** :- ਭਾਈ ਮਨੀ ਸਿੰਘ ਬਲਾਕ ਦੀ ਬੇਸਮੈਂਟ ਦੇ ਅੱਧੇ ਹਿੱਸੇ ਨੂੰ ਸਟੋਰ ਵਜੋਂ ਵਰਤਿਆ ਜਾਂਦਾ ਹੈ ਜਿਸ ਵਿਚ ਸਾਰਾ ਸਾਮਾਨ ਰੱਖਿਆ ਹੋਇਆ ਹੈ, ਪਰ ਉਸ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ ਸੀ। ਜਨਰਲ ਸਕੱਤਰ, ਮੇਨਟੇਨਸ ਸਕੱਤਰ ਅਤੇ ਮੀਤ ਪ੍ਰਧਾਨ ਨੂੰ ਸਟੋਰ ਦਾ ਮੁਆਇਨਾ ਕਰਨ ਤੇ ਪਤਾ ਲੱਗਿਆ ਕਿ ਸਟੋਰ ਵਿਚ ਬਹੁਤ ਗੰਦ ਪਿਆ ਹੈ ਅਤੇ ਉਨ੍ਹਾਂ ਨੇ ਸਟਾਫ ਦੀ ਮਦਦ ਨਾਲ ਸਟੋਰ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਉਸ ਨੂੰ ਵਰਤੋਂ ਵਿਚ ਲਿਆਂਦਾ ਅਤੇ ਸਾਰੇ ਸਾਮਾਨ ਨੂੰ ਤਰਤੀਬ ਨਾਲ ਰੱਖਿਆ।

# ਵਰਖਾ ਰੁੱਤ




ਇੰਜੀਨੀਅਰ
ਪਰਮਿੰਦਰਜੀਤ ਸਿੰਘ
ਕੋ-ਐਡੀਟਰ
99153-57524


ਇਸ ਰੁੱਤ ਦੇ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਬਾਰਸ਼ ਦੇ ਦਿਨ ਹਨ। ਇਸ ਰੁੱਤ ਵਿਚ ਆਪਣੇ ਸਰੀਰ ਸਬੰਧੀ ਖਾਣ, ਪੀਣ, ਸੌਣ, ਕਸਰਤ ਆਦਿ ਦਾ ਖਿਆਲ, ਮੌਸਮ ਮੁਤਾਬਕ ਕੀਤਾ ਜਾਂਦਾ ਹੈ। ਭਾਵੇਂ ਕਿ ਇਹ ਮੌਸਮ ਸਾਰਿਆਂ ਨੂੰ ਹੀ ਸੁਹਾਵਣਾ ਲੱਗਦਾ ਹੈ ਪਰ ਫਿਰ ਵੀ ਕਹਿੰਦੇ ਹਨ ਕਿ ਪੁਰਾਤਨ ਵੈਦ/ਹਕੀਮ ਤਾਂ ਕਰਦੇ ਹੀ ਸੀ ਪਰ ਅੱਜਕਲ੍ਹ ਦੇ ਵੈਦ/ਹਕੀਮ ਵੀ ਨਬਜ਼ ਦੇਖ ਕੇ ਹੀ ਪੂਰੇ ਸਰੀਰ ਦਾ ਮੁਆਇਨਾ (ਸਕੈਨਿੰਗ) ਕਰਨ ਦੇ ਕਾਬਲ ਹਨ। ਨਬਜ਼ ਤੋਂ ਹੀ ਹਰ ਬਿਮਾਰੀ ਨੂੰ ਲੱਭ ਕੇ ਉਪਚਾਰ ਕਰਨ ਦੀ ਸਲਾਹ ਦਿੰਦੇ ਹਨ।

ਇਸ ਰੁੱਤ ਵਿਚ ਸਾਉਣ-ਭਾਦਰੋਂ (ਜੁਲਾਈ-ਅਗਸਤ) ਦੇ ਮਹੀਨੇ ਆਉਂਦੇ ਹਨ। ਆਯੁਰਵੇਦ ਦੇ ਵਿਦਵਾਨਾਂ ਨੇ ਇਸ ਰੁੱਤ ਵਿਚ ਰੋਗਾਂ ਤੋਂ ਬਚਣ ਲਈ ਪ੍ਰਹੇਜ਼ ਦੱਸੇ ਹਨ ਜਿਵੇਂ ਕਿ ਵਰਖਾ ਵਿਚ ਭਿੱਜਣ ਤੋਂ ਬਚਣਾ ਚਾਹੀਦਾ ਹੈ। ਖੁਸ਼ਕ ਅਤੇ ਬਾਸੀ ਭੋਜਨ ਨਹੀਂ ਖਾਣਾ ਚਾਹੀਦਾ। ਜ਼ਿਆਦਾ ਕਸਰਤ ਵੀ ਨਹੀਂ ਕਰਨੀ ਚਾਹੀਦੀ। ਆਮ ਗਰਮੀ ਦੇ ਮੌਸਮ ਵਿਚ ਸੱਤੂ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਇਸ ਰੁੱਤ ਵਿਚ ਸੱਤੂ ਦਾ ਸੇਵਨ ਹਾਨੀਕਾਰਕ ਹੋ ਸਕਦਾ ਹੈ। ਇਸ ਬਾਰੇ ਇਕ ਅਖਾਣ ਵੀ ਆਮ ਪ੍ਰਚਲਤ ਹੈ -

**ਸਾਵਣ ਸੱਤੂ, ਚੇਤ ਗੁੜ, ਭਾਦੋਂ ਮੂਲੀ ਖਾਏ,**
**ਕਹੇ ਗੁਰੂ ਜੀ, ਬਾਲਕਾ ਰੋਗ ਵੱਡਾ ਬਣ ਜਾਏ।**

ਵਰਖਾ ਰੁੱਤ ਵਿਚ ਪਾਚਣ ਸ਼ਕਤੀ ਕਮਜ਼ੋਰ ਰਹਿੰਦੀ ਹੈ ਇਸ ਲਈ ਛੇਤੀ ਹਜ਼ਮ ਹੋਣ ਵਾਲਾ ਭੋਜਨ ਹੀ ਕਰਨਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਭਿੰਡੀ, ਕਰੇਲਾ, ਕੱਚਾ ਕੇਲਾ, ਬੈਂਗਣ, ਟਿੰਡੇ, ਪਾਲਕ ਆਦਿ ਨੂੰ ਚੰਗੀ ਤਰ੍ਹਾਂ ਧੋ ਕੇ ਸਾਫ਼ ਕਰਕੇ ਹੀ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਆਯੁਰਵੇਦਿਕ ਦੇ ਮਹਾਨ ਗਿਆਤਾ ਮਹਾਂਰਿਸ਼ੀ ਚਰਕ ਦੀਆਂ ਲਿਖੀਆਂ ਪੁਸਤਕਾਂ ਤੋਂ ਵੀ ਬਹੁਤ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਪਾਚਣ ਸ਼ਕਤੀ ਵਧਾਉਣ ਲਈ ਕੁਝ ਘਰੇਲੂ ਨੁਸਖੇ ਜਗ੍ਹਾ-ਜਗ੍ਹਾ ਮਿਲ ਜਾਂਦੇ ਹਨ ਜਿਵੇਂ ਕਿ ਅਦਰਕ, ਲਸਣ, ਪਿਆਜ਼, ਕਾਲੀ ਮਿਰਚ, ਹਰੀ ਮਿਰਚ, ਸਿਰਕਾ, ਪੁਦੀਨਾ, ਜ਼ੀਰਾ, ਹਿੰਗ, ਅਜਵਾਇਣ, ਰਾਈ, ਮੇਥੀ, ਸੇਂਧਾ ਨਮਕ ਆਦਿ ਵਰਤਣਾ (ਜ਼ਰੂਰਤ ਮੁਤਾਬਕ) ਚਾਹੀਦਾ ਹੈ। ਪੇਟ ਦੇ ਰੋਗਾਂ ਦੇ ਖਾਤਮੇ ਲਈ ਅਤੇ ਪਾਚਣ ਸ਼ਕਤੀ ਵਧਾਉਣ ਲਈ ਅਦਰਕ, ਲਸਣ, ਹਰੀ ਮਿਰਚ ਆਦਿ ਕੁੱਟ ਕੇ, ਵਿਚ ਨਿੰਬੂ ਦਾ ਰਸ ਨਚੋੜ ਕੇ ਕਾਲਾ ਨਮਕ ਵਿਚ ਪਾ ਕੇ ਖਾਣਾ ਚਾਹੀਦਾ ਹੈ। ਗੈਸ ਬਨਣ ਦੀ ਬਿਮਾਰੀ ਦੇ ਖਾਤਮੇ ਲਈ ਦੇਸੀ ਘੀ ਵਿਚ ਪਿਆਜ ਅਤੇ ਲਸਣ ਪਕਾ ਕੇ ਖਾਣਾ ਚਾਹੀਦਾ ਹੈ। ਭਾਵੇਂ ਅੱਜਕਲ੍ਹ ਵਾਟਰ ਫਿਲਟਰ ਬਹੁਤ ਕੰਪਨੀਆਂ ਦੇ ਆ ਗਏ ਹਨ ਪਰ ਫਿਰ ਵੀ ਨਾਰਮਲ ਪਾਣੀ ਨੂੰ ਉਬਾਲ ਕੇ ਠੰਡਾ ਕਰਕੇ ਪੀਣਾ ਚਾਹੀਦਾ ਹੈ ਜਾਂ ਪਾਣੀ ਵਿਚ ਥੋੜ੍ਹੀ ਫਟਕੜੀ ਦਾ ਟੁਕੜਾ ਘੁਮਾ ਕੇ ਭਾਂਡਾ ਪਿਆ ਰਹਿਣ ਦਿਉ, ਜਾਲਾ ਜਿਹਾ ਥੱਲੇ ਬੈਠ ਜਾਵੇਗਾ ਤੇ ਪਾਣੀ ਪੀਣ ਯੋਗ ਬਣ ਜਾਵੇਗਾ। ਸਰੀਰ ਤੇ ਸਰੋਂ ਦੇ ਤੇਲ ਦੀ ਮਾਲਸ਼ ਲਾਭਕਾਰੀ ਹੈ।

ਉਸ ਅਕਾਲ ਪੁਰਖ ਵਾਹਿਗੁਰੂ ਦੀ ਰਚੀ ਹੋਈ ਅਮੋਲਕ ਅਦਭੁੱਤ ਸ੍ਰਿਸ਼ਟੀ 'ਚੋਂ ਮਨੁੱਖਾ ਜਨਮ ਸਭ ਤੋਂ ਉਤਮ ਹੈ ਤੇ ਬਾਕੀ ਸਾਰੀਆਂ ਹੀ ਜੂਨਾਂ ਦਾ ਅਗਰ ਬਾਦਸ਼ਾਹ ਵੀ ਕਹਿ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ। ਇਸ ਦੁਨੀਆਂ ਵਿਚ ਇਨਸਾਨ ਲਈ ਬਹੁਤ ਪ੍ਰਕਾਰ ਦੇ ਪਦਾਰਥ ਹਨ। ਇਨ੍ਹਾਂ ਦਾ ਸੁੱਖ ਭੋਗਣ ਲਈ, ਅਨੰਦ ਲੈਣ ਲਈ, ਤੰਦਰੁਸਤੀ ਬਹੁਤ ਹੀ ਜ਼ਰੂਰੀ ਹੈ। ਸਿਹਤ ਸੰਭਾਲ ਕਰਨਾ ਸਾਡਾ ਧਰਮ ਹੈ। ਸਰੀਰ ਤੰਦਰੁਸਤ ਹੋਵੇਗਾ ਤਾਂ ਸਾਨੂੰ ਸਭ ਕੁਝ ਵਧੀਆ ਲੱਗੇਗਾ, ਅਗਰ ਤੰਦਰੁਸਤੀ ਨਹੀਂ, ਤਾਂ ਸਭ ਬੇਕਾਰ। ਇਹ ਜੋ ਮੈਂ ਲਿਖ ਰਿਹਾ ਹਾਂ ਕੋਈ ਨਵਾਂ ਨਹੀਂ ਹੈ ਹਰ ਇਕ ਪ੍ਰਾਣੀ ਇਸ ਤੋਂ ਜਾਣੂੰ ਹੈ ਪਰ ਜ਼ਰੂਰਤ ਹੈ ਸਾਨੂੰ ਕਿਸੇ ਲਈ ਨਹੀਂ ਆਪਣੇ ਆਪ ਲਈ ਸਿਨਸੀਅਰ ਹੋਣਾ ਚਾਹੀਦਾ ਹੈ। ਖਾਣ ਪੀਣ ਦੇ ਮਾਮਲੇ ਵਿਚ ਆਪਣੇ ਆਪ ਨੂੰ ਸਾਨੂੰ ਧੋਖਾ ਨਹੀਂ ਦੇਣਾ ਚਾਹੀਦਾ। ਜੋ ਸਾਡੇ ਗਲੇ ਤੋਂ ਥੱਲੇ ਗਿਆ ਉਸ ਦਾ ਖਾਮਿਆਜਾ ਸਾਨੂੰ ਹੀ ਭੁਗਤਣਾ ਪਵੇਗਾ ਭਾਵੇਂ ਲਾਭਕਾਰੀ ਹੈ ਜਾਂ ਹਾਨੀਕਾਰਕ। ਆਯੁਰਵੇਦ ਦੇ ਵਿਦਵਾਨਾਂ, ਰਿਸ਼ੀਆਂ-ਮੁਨੀਆਂ ਅਤੇ ਮਹਾਂਪੁਰਸ਼ਾਂ ਦਾ ਤੰਦਰੁਸਤੀ ਲਈ ਸ਼ੁਭ ਉਪਦੇਸ਼ ਹੈ ਕਿ 'ਇਲਾਜ ਨਾਲੋਂ ਪ੍ਰਹੇਜ਼ ਚੰਗਾ।'

**ਨੋਟ - (ਇਹ ਗਿਆਨ ਇਧਰੋਂ-ਉਧਰੋਂ ਇਕੱਠਾ ਕੀਤਾ ਹੋਇਆ ਸਿਰਫ਼ ਗਿਆਨ ਲਈ ਹੀ ਲਿਖਿਆ ਜਾ ਰਿਹਾ ਹੈ ਪਰ ਡਾਕਟਰ ਦੀ ਸਲਾਹ ਤੋਂ ਬਗੈਰ ਕੁੱਝ ਵੀ ਨਾ ਖਾਂਦਾ ਜਾਵੇ।)**

# ਅਜੋਕਾ ਯੁੱਗ ਤੇ ਕੰਪਿਊਟਰ

**ਪਰਮਿੰਦਰਜੀਤ ਸਿੰਘ**

ਅੱਜਕਲ੍ਹ ਕੰਪਿਊਟਰ ਦਾ ਯੁੱਗ ਹੈ ਤੇ ਬੱਚਿਆਂ ਨੂੰ ਬਹੁਤ Early Stage ਤੇ ਕੰਪਿਊਟਰ ਦਾ ਗਿਆਨ ਸਕੂਲਾਂ ਦੁਆਰਾ ਦੇਣਾ ਸ਼ੁਰੂ ਹੋ ਜਾਂਦਾ ਹੈ ਪਰ ਕੰਪਿਊਟਰ ਜਿਨ੍ਹਾਂ ਤੇਜ਼ Calculations ਕਰਦਾ ਹੈ ਓਨਾ ਹੀ ਅਗਰ ਕੋਈ ਮਾਮੂਲੀ ਨੁਕਸ ਪੈ ਜਾਵੇ ਤਾਂ Slow ਹੋ ਜਾਂਦਾ ਹੈ। ਭਾਵੇਂ ਕਿ ਅੱਜਕਲ੍ਹ ਸਾਰਾ ਕੁਝ ਡਿਜ਼ੀਟਲ ਇੰਡੀਆ ਦੇ ਨਾਮ ਤੇ ਕੰਪਿਊਟਰਾਈਜ਼ ਹੋ ਰਿਹਾ ਹੈ ਪਰ ਫਿਰ ਵੀ ਏਨੀ ਤੇਜ਼ੀ ਨਾਲ ਦੁਨੀਆਂ ਚੱਲ ਰਹੀ ਹੈ ਕਿ ਕਈ ਵਾਰ ਤਾਂ ਲੱਗਦਾ ਹੈ ਕਿ ਸਾਡਾ ਉਹ ਹਾਲ ਹੋ ਜਾਂਦਾ ਹੈ ਜਿਵੇਂ ਤਿਆਰੀ ਕੱਸ ਕੇ ਯਾਤਰਾ ਤੇ ਚੱਲੇ ਹੋਈਏ ਤੇ ਪਲੇਟਫਾਰਮ ਤੇ ਦੋ ਮਿੰਟ ਪਹੁੰਚਣ ਤੋਂ ਪਹਿਲਾਂ ਹੀ ਗੱਡੀ, ਜਿਸ ਵਿਚ ਸੀਟ ਰਿਜ਼ਰਵ ਕਰਵਾਈ ਹੋਈ ਹੈ ਨਿਕਲ ਜਾਵੇ। ਕੁਝ ਇਸੇ ਹੀ ਤਰ੍ਹਾਂ ਅੱਜਕਲ੍ਹ ਵੱਖਰੇ-ਵੱਖਰੇ ਐਪਸ ਆ ਗਏ ਹਨ ਭਾਵੇਂ ਕਿ ਵਰਤਣੇ ਬਹੁਤ ਹੀ ਸੌਖੇ ਹੁੰਦੇ ਹਨ ਪਰ ਫਿਰ ਵੀ ਸਾਨੂੰ ਥੋੜ੍ਹੀ ਬਹੁਤ ਦਿਲਚਸਪੀ ਲੈਣੀ ਪੈਂਦੀ ਹੈ। ਮਨੁੱਖ ਜਾਂ ਪ੍ਰਾਣੀ ਜਿਨ੍ਹਾਂ ਮਰਜ਼ੀ ਗਿਆਨਵਾਨ ਹੋ ਜਾਵੇ ਪਰ ਫਿਰ ਵੀ ਟੈਕਨਾਲੋਜੀ ਇਸ ਤਰ੍ਹਾਂ ਦੀ ਆ ਜਾਂਦੀ ਹੈ ਕਿ ਸਾਡੀ ਉਹ ਗਿਆਨਤਾ ਵੀ ਬੌਣੀ ਲੱਗਣ ਲੱਗ ਜਾਂਦੀ ਹੈ।

**ਆਓ ਇੰਟਰਨੈਟ ਤੇ ਵੀ ਪੰਜਾਬੀ ਦੀ ਵਰਤੋਂ ਬਾਰੇ ਥੋੜ੍ਹੀ ਜਿਹੀ ਨਜ਼ਰ ਮਾਰੀਏ :**

**Internet** (ਇੰਟਰਨੈਟ) :- ਇੰਟਰਨੈਟ ਦੁਨੀਆਂ ਦੇ ਕਈ ਢੇਰ ਸਾਰੇ ਕੰਪਿਊਟਰਾਂ (Computers) ਦਾ ਇਕ ਵਿਸ਼ਵ-ਵਿਆਪੀ ਜਾਲ (Worldwide Web) ਹੈ। ਸਾਲ 1969 ਵਿਚ ਅਮਰੀਕਾ ਨੇ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ (ARPA) ਲਈ ਅਰਪਾਨੈਟ (Arpanet) ਨਾਂ ਦਾ ਪ੍ਰੋਜੈਕਟ ਸ਼ੁਰੂ ਕੀਤਾ ਸੀ। ਸਾਲ 1989 ਵਿਚ ਅਮਰੀਕਾ ਨੇ ਇੰਟਰਨੈਟ ਨੂੰ ਵਪਾਰਕ ਵਰਤੋਂ ਲਈ ਪ੍ਰਵਾਨਗੀ ਦੇ ਦਿੱਤੀ। ਭਾਰਤ ਵਿਚ ਇੰਟਰਨੈਟ ਦੀ ਸ਼ੁਰੂਆਤ 15 ਅਗਸਤ 1995 ਨੂੰ ਹੋਈ।

ਈ-ਮੇਲ (E-mail), ਵੈਬਸਾਈਟ (Website), ਇੰਟਰਨੈਟ ਚਰਚਾ (Chatting), ਈ-ਕਾਮਰਸ (E-Commerce), ਸਰਫਿੰਗ (Surfing), ਸਰਚ ਇੰਜਣ, ਵੀਡੀਓ ਕਾਨਫਰੰਸਿੰਗ, ਈ-ਰਿਜ਼ਰਵੇਸ਼ਨ ਆਦਿ ਇੰਟਰਨੈਟ ਦੀਆਂ ਪ੍ਰਮੁੱਖ ਸੁਵਿਧਾਵਾਂ ਹਨ।

ਇਸ ਤੋਂ ਪਹਿਲਾਂ ਕਿ ਅਸੀਂ ਈ-ਮੇਲ ਜੋ ਕਿ ਰੋਜ਼ਾਨਾ ਜ਼ਿੰਦਗੀ ਵਿਚ ਬਹੁਤ ਹੀ ਮਹੱਤਵਪੂਰਨ ਹੈ ਅਤੇ ਪ੍ਰਚੱਲਤ ਵੀ ਹੈ ਬਾਰੇ ਗਿਆਨ ਪ੍ਰਾਪਤ ਕਰੀਏ। ਸਾਨੂੰ ਥੋੜ੍ਹਾ ਜਿਹਾ ਹੇਠ ਲਿਖੇ ਵਿਸ਼ਿਆਂ ਬਾਰੇ ਵੀ ਜਾਨਣ ਦੀ ਜ਼ਰੂਰਤ ਪਵੇਗੀ।

**ਸਰਚ ਇੰਜਣ (Search Engine)** - ਸਰਚ ਇੰਜਣ ਇਕ ਸ਼ਕਤੀਸ਼ਾਲੀ ਪ੍ਰੋਗਰਾਮ ਹੈ ਜਿਸ ਰਾਹੀਂ ਅਸੀਂ ਕਿਸੇ ਵਿਸ਼ੇਸ਼ ਸ਼ਬਦ/ਸਿਰਲੇਖ (Keywords) ਆਦਿ ਨਾਲ ਸਬੰਧਿਤ ਵੈਬਸਾਈਟਾਂ ਦੀ ਖੋਜ ਕਰ ਸਕਦੇ ਹਾਂ। ਗੂਗਲ (Google) ਇਕ ਸ਼ਕਤੀਸ਼ਾਲੀ ਸਰਚ ਇੰਜਣ ਹੈ।

**ਵੈਬ ਬ੍ਰਾਊਜ਼ਰ (Web Browser)** - ਵੈਬ ਬ੍ਰਾਊਜ਼ਰ ਇਕ ਬਹੁਤ ਹੀ ਮਹੱਤਵਪੂਰਨ ਸਾਫਟਵੇਅਰ ਹੈ, ਜੋ ਕੰਪਿਊਟਰ ਤੇ ਇੰਟਰਨੈਟ ਦੀ ਸਹੂਲਤ ਮੁਹੱਈਆ ਕਰਵਾਉਂਦਾ ਹੈ। ਅੱਜ ਬਾਜ਼ਾਰ ਵਿਚ ਬਹੁਤ ਸਾਰੇ ਵੈਬ ਬ੍ਰਾਊਜ਼ਰ ਉਪਲਬਧ ਹਨ। ਜਿਨ੍ਹਾਂ ਵਿਚੋਂ ਇੰਟਰਨੈਟ ਐਕਸਪਲੋਰਰ, ਐਜ, ਮੋਜ਼ੀਲਾ, ਫਾਇਰਫੋਕਸ, ਗੂਗਲ, ਕਰੋਮ ਆਦਿ ਪ੍ਰਮੁੱਖ ਹਨ। ਪੀਕਾਕ, ਕਰੋਮ, ਫਾਇਰਫੋਕਸ, ਉਪੇਰਾ ਮਿੰਨੀ, ਡੋਲਫਿਨ ਆਦਿ ਐਂਡਰਾਈਡ ਫੋਨਾਂ ਤੇ ਚੱਲਣ ਵਾਲੇ ਵੈਬ ਬ੍ਰਾਊਜ਼ਰ ਹਨ।

**ਇੰਟਰਨੈਟ ਐਕਸਪਲੋਰਰ** - ਇੰਟਰਨੈਟ ਐਕਸਪਰੋਰਰ ਮਾਈਕਰੋਫਾਸਟ ਵਿੰਡੋਜ਼ ਦੇ ਨਾਲ ਮੁਹੱਈਆ ਕਰਵਾਇਆ ਜਾਣ ਵਾਲਾ ਮੁਫਤ ਵੈਬ ਬ੍ਰਾਊਜ਼ਰ ਹੈ। ਇੰਟਰਨੈਟ ਐਕਸਪਲੋਰਰ ਦੀ ਸਕਰੀਨ ਦੇ ਕਈ ਭਾਗ ਹੁੰਦੇ ਹਨ। ਮਾਈਕਰੋਫਾਸਟ ਪੇਂਟ, ਵਰਡ ਅਤੇ ਐਕਸਲ ਦੀ ਤਰ੍ਹਾਂ ਇਸ ਵਿਚ ਟਾਈਟਲ ਬਾਰ, ਮੀਨੂ ਬਾਰ, ਟੂਲ ਬਾਰ ਅਤੇ ਟਾਸਕ ਬਾਰ ਆਦਿ ਹੁੰਦੀਆਂ ਹਨ। ਇਸ ਉਤੇ ਬੈਕ, ਫਾਰਵਰਡ, ਹੋਮ, ਰਿਫਰੈਸ਼ ਆਦਿ ਬਟਨ ਵੀ ਲੱਗੇ ਹੁੰਦੇ ਹਨ। ਮਾਈਕਰੋਫਾਸਟ (ਐਜ) ਵਿੰਡੋਜ਼ ਦੇ ਨਵੇਂ ਸੰਸਕਰਣਾਂ ਨਾਲ ਆਉਣ ਵਾਲਾ ਵਿਸ਼ੇਸ਼ ਕਿਸਮ ਦਾ ਵੈਬ ਬ੍ਰਾਊਜ਼ਰ ਹੈ। ਇਸ ਵਿਚ ਪੀਡੀਐਫ ਫਾਈਲਾਂ ਨੂੰ ਵੀ ਖੋਲਿਆ ਜਾ ਸਕਦਾ ਹੈ।

**ਹਾਈਪਰ ਲਿੰਕ ਅਤੇ ਹਾਈਪਰ ਟੈਕਸਟ** - ਵੈਬਸਾਈਟ ਉਪਰ ਬਹੁਤ ਸਾਰੇ ਲਿੰਕ ਨਜ਼ਰ ਆਉਂਦੇ ਹਨ। ਇਹ ਲਿੰਕ ਇਕ ਵੈਬ ਪੰਨੇ ਨੂੰ ਦੂਜੇ ਵੈਬ ਪੰਨੇ ਨਾਲ ਜੋੜਦੇ ਹਨ। ਇਨ੍ਹਾਂ ਲਿੰਕਸ ਨੂੰ ਹਾਈਪਰ ਲਿੰਕ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਵੈਬਸਾਈਟਾਂ ਤੇ ਨਜ਼ਰ ਆਉਣ ਵਾਲੀ ਪਾਠ ਸਮੱਗਰੀ ਨੂੰ ਹਾਈਪਰ-ਟੈਕਸ ਕਿਹਾ ਜਾਂਦਾ ਹੈ।

ਹੁਣ ਅਸੀਂ ਵਾਪਸ ਈ-ਮੇਲ ਵਾਲੇ ਪਾਸੇ ਆਉਂਦੇ ਹਾਂ। ਈ-ਮੇਲ ਦਾ ਪੂਰਾ ਨਾਮ ਇਲੈਕਟ੍ਰੌਨਿਕ ਮੇਲ ਹੈ। ਈ-ਮੇਲ ਇਲੈਕਟ੍ਰੌਨਿਕ ਤਰੀਕੇ ਨਾਲ ਭੇਜਿਆ ਜਾਣ ਵਾਲਾ ਚਿੱਠੀ-ਪੱਤਰ ਹੈ। ਅੱਜ ਬਹੁਤ ਸਾਰੀਆਂ ਵੈਬਸਾਈਟਾਂ ਉਪਲਬਧ ਹਨ ਜੋ ਸਾਨੂੰ ਈ-ਮੇਲ ਦੀ ਸੁਵਿਧਾ ਪ੍ਰਦਾਨ ਕਰਵਾਉਂਦੀਆਂ ਹਨ। ਹਰੇਕ ਈ-ਮੇਲ ਪ੍ਰੋਗਰਾਮ ਦੇ ਵੱਖ-ਵੱਖ ਨਿਯਮ ਅਤੇ ਸ਼ਰਤਾਂ ਹੁੰਦੀਆਂ ਹਨ।

(1) **ਈ-ਮੇਲ ਐਡਰੈਸ (E-mail Address)** - ਈ-ਮੇਲ ਭੇਜਣ ਜਾਂ ਪ੍ਰਾਪਤ ਕਰਨ ਲਈ ਸਾਡੇ ਕੋਲ ਈ-ਮੇਲ ਐਡਰੈਸ ਹੋਣਾ ਜ਼ਰੂਰੀ ਹੈ। ਈ-ਮੇਲ ਐਡਰੈਸ ਦੇ ਦੋ ਭਾਗ ਹੁੰਦੇ ਹਨ – (1) ਈ-ਮੇਲ ਵਰਤਣ ਵਾਲੇ ਦਾ ਨਾਮ (2) ਹੋਸਟ/ਕੰਪਨੀ ਦਾ ਨਾਮ

(2) **ਖਾਤਾ ਬਨਾਉਣਾ** - ਈ-ਮੇਲ ਅਕਾਊਂਟ (ਖਾਤਾ) ਖੋਲ੍ਹਣ ਦੀ ਮੁਫਤ ਸਹੂਲਤ ਹੁੰਦੀ ਹੈ। ਇਨ੍ਹਾਂ ਕੰਪਨੀਆਂ, ਜੋ ਕੁਝ ਕੁ ਇਸ ਪ੍ਰਕਾਰ ਹਨ – gmail.com, yahoo.com, hotmail.com, mail.com ਆਦਿ।

**ਈ-ਮੇਲ ਭੇਜਣਾ** - (1) ਗੂਗਲ, ਯਾਹੂ ਜਾਂ ਕੋਈ ਹੋਰ ਕੰਪਨੀ ਜਿਸ ਵਿਚ (ਜਿਵੇਂ ਕਿ ਉੱਪਰ ਦਿੱਤੀਆਂ ਕੰਪਨੀਆਂ) ਤੁਸੀਂ ਆਪਣਾ ਈ-ਮੇਲ ਦਾ ਖਾਤਾ ਖੁਲਵਾਇਆ ਹੋਵੇ, ਦਾ ਈ-ਮੇਲ ਵਾਲਾ ਪੰਨਾ ਖੋਲ੍ਹੋ। ਲਾਗ-ਇਨ ਕਰਨ ਲਈ ਮੇਲ-ਐਡਰੈਸ ਅਤੇ ਪਾਸਵਰਡ ਭਰੋ। ਵੈਬ ਪੇਜ ਤੇ ਕੰਪੋਜ਼/ਨਿਊ ਜਾਂ ਕਰੀਏਟ ਬਟਨ ਉੱਤੇ ਕਲਿੱਕ ਕਰੋ। (2) ਹੁਣ ਨਿਊ ਵਿੰਡੋ ਖੁਲ੍ਹ ਕੇ ਸਾਹਮਣੇ ਆਵੇਗੀ। ਇਥੇ ਜਿਸ ਨੂੰ ਮੇਲ ਭੇਜਣੀ ਹੈ ਉਸ ਤੇ ਮੇਲ ਪਤਾ ਅਤੇ ਸੰਦੇਸ਼ ਟਾਈਪ ਕਰੋ। (3) ਕੋਈ ਫਾਈਲ ਜਾਂ Enclosure ਨਾਲ ਨੱਥੀ ਕਰਨ ਲਈ ਅਟੈਚਮੈਂਟ ਵਾਲੇ ਬਟਨ ਤੇ ਕਲਿੱਕ ਕਰੋ। ਜੋ ਕੁਝ ਭੇਜਣਾ ਹੈ ਉਸ ਨੂੰ ਕੰਪਿਊਟਰ ਵਿਚ ਦੱਸ ਕੇ ਕਲਿਕ ਕਰੋ। (4) Send ਬਟਨ ਤੇ ਕਲਿੱਕ ਕਰੋ।

(4) **ਮੇਲ ਪ੍ਰਾਪਤ ਕਰਨਾ ਜਾਂ ਪੜ੍ਹਨਾ** - ਮੁੱਖ ਵੈਬ ਪੇਜ਼ ਉੱਤੇ ਇਨਬਾਕਸ (Inbox) ਉੱਤੇ ਕਲਿਕ ਕਰੋ, ਪੇਜ ਖੁਲ੍ਹੇਗਾ ਇਥੇ ਪ੍ਰਾਪਤ ਹੋਏ ਈ-ਮੇਲ ਅਤੇ ਵਿਸ਼ਿਆਂ ਦੀ ਸੂਚੀ ਖੁਲ੍ਹੇਗੀ। ਇਥੋਂ ਕਿਸੇ ਉੱਤੇ ਵੀ ਕਲਿੱਕ ਕਰਕੇ ਪਰਟੀਕੁਲਰ (ਆਪਣੇ ਨਾਲ ਸਬੰਧਤ) ਮੇਲ ਖੋਲ੍ਹੋ ਅਤੇ ਪੜ੍ਹੋ।

(5) **ਵੈਬਸਾਈਡ ਖੋਲ੍ਹਣਾ** - ਕਿਸੇ ਵੀ ਵੈਬਸਾਈਟ ਨੂੰ ਖੋਲ੍ਹਣ ਲਈ ਵੈਬ ਬ੍ਰਾਊਜ਼ਰ ਦੀ ਐਡਰੈਸ ਬਾਰ ਵਿਚ ਵੈਬਸਾਈਟ ਦਾ ਪਤਾ/ਸਿਰਨਾਵਾਂ ਟਾਈਪ ਕਰੋ ਅਤੇ Go ਬਟਨ ਉੱਤੇ ਕਲਿੱਕ ਕਰੋ। ਜੇਕਰ ਕਿਸੇ ਵੀ ਵੈਬਸਾਈਟ ਦਾ ਪਤਾ ਨਾ ਹੋਵੇ ਪਰ ਕੰਪਨੀ ਜਾਂ ਆਰਗੇਨਾਈਜ਼ੇਸ਼ਨ ਦਾ ਨਾਮ ਪਤਾ ਹੋਵੇ ਤਾਂ google.com ਸਰਚ ਇੰਜਣ ਖੋਲ੍ਹ ਕੇ ਸਿੱਧਾ ਹੀ ਕੰਪਨੀ ਜਾਂ ਆਰਗੇਨਾਈਜ਼ੇਸ਼ਨ ਦਾ ਨਾਮ ਲਿਖੋ ਤਾਂ ਉਸ ਵਿਚ ਉਸ ਦਾ ਵੈਬਸਾਈਡ ਦਾ ਐਡਰੈਸ ਆ ਜਾਵੇਗਾ। ਉਥੇ ਕਲਿੱਕ ਕਰਕੇ ਸਾਈਟ ਪੜ੍ਹੀ ਜਾ ਸਕਦੀ ਹੈ।

**(ਚਲਦਾ)**

# ਵਾਤਾਵਰਣ ਦਾ ਵਿਗੜਦਾ ਸੰਤੁਲਿਨ

**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**



ਪੰਜਾਬ ਵਿਚ ਅਗਰ ਵਾਤਾਵਰਣ ਦੀ ਗੱਲ ਕਰੀਏ ਅਤੇ ਇਸ ਨੂੰ 40-50 ਸਾਲ ਪਹਿਲਾਂ ਦੇ ਵਾਤਾਵਰਣ ਨਾਲ ਤੁਲਨਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਵਾਤਾਵਰਣ ਦਾ ਸੰਤੁਲਿਨ ਕਿਵੇਂ ਬੇਮੁਖ ਹੁੰਦਾ ਜਾ ਰਿਹਾ ਹੈ। ਇਸ ਵਿਚ ਸਿਰਫ਼ ਪ੍ਰਕਿਰਿਤੀ ਦਾ ਹੀ ਦੋਸ਼ ਨਹੀਂ ਹੈ ਬਲਕਿ ਇਸ ਵਿਚ ਵਸਦੇ ਪ੍ਰਾਣੀਆਂ ਦਾ ਜ਼ਿਆਦਾ ਦੋਸ਼ ਮੰਨਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਜਿਵੇਂ ਕਿ ਪਹਿਲਾਂ ਬਹੁਤ ਸਾਰੇ ਜੰਗਲ, ਬੂਟੇ, ਦਰੱਖਤਾਂ ਦੀ ਹਰਿਆਵਲ ਹੁੰਦੀ ਸੀ। ਹਰ ਜਗ੍ਹਾ ਸੰਘਣੇ ਦਰੱਖ਼ਤਾਂ ਦੇ ਝੁੰਡ ਦੇਖਣ ਨੂੰ ਮਿਲਦੇ ਸੀ, ਜਿਹੜਾ ਕਿ ਸਮੇਂ ਅਨੁਸਾਰ ਮੌਸਮ ਦੀ ਤਬਦੀਲੀ ਕਰਨ ਵਿਚ ਸਹਾਈ ਹੁੰਦਾ ਸੀ। ਪਰ ਇਸ ਦੇ ਉਲਟ ਅੱਜ ਅਸੀਂ ਇਨ੍ਹਾਂ ਜੰਗਲਾਂ, ਦਰੱਖ਼ਤਾਂ ਅਤੇ ਬੂਟਿਆਂ ਦੀ ਕਟਾਈ ਏਨੀ ਕੁ ਕਰ ਦਿੱਤੀ ਹੈ ਕਿ ਵਾਤਾਵਰਣ ਵਿਚ ਸੰਤੁਲਿਨ ਹੋਣਾ ਮੁਸ਼ਕਿਲ ਹੋ ਗਿਆ ਹੈ। ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਾਰਨ ਸ਼ੂਗਰ, ਹਰ ਕਿਸਮ ਦੇ ਕੈਂਸਰ, ਪੀਲੀਏ, ਗੁਰਦੇ ਦੀਆਂ ਬੀਮਾਰੀਆਂ, ਚਮੜੀ ਰੋਗ, ਸਾਹ ਵਾਲੀਆਂ ਬੀਮਾਰੀਆਂ, ਅਲਰਜੀ, ਦਮਾ, ਬਲੱਡ ਪ੍ਰੈਸ਼ਰ, ਅੱਖਾਂ, ਕੰਨਾਂ ਤੇ ਗਲ ਦੇ ਰੋਗਾਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੋਵੇ। ਸ਼ੋਰ ਜਾਂ ਰੌਲੇ-ਰੱਪੇ ਨੇ ਸਿਰਫ਼ ਕੰਨਾਂ 'ਤੇ ਈ ਅਸਰ ਨਹੀਂ ਪਾਇਆ ਸਗੋਂ ਅਸੀਂ ਉੱਚੀ ਬੋਲਣ ਦੇ ਆਦੀ ਹੋ ਕੇ ਆਪਣੇ ਗਲੇ ਵੀ ਖਰਾਬ ਕਰ ਰਹੇ ਹਾਂ। ਮਾਨਸਿਕ ਤੌਰ ਉੱਤੇ ਡੌਰ ਭੌਰ ਹੋ ਕੇ ਆਪਣੀ ਸੋਚਣ ਸ਼ਕਤੀ ਵੀ ਗਵਾ ਰਹੇ ਹਾਂ। ਦਿਮਾਗ਼ੀ ਬਿਮਾਰੀਆਂ ਵਿਚ ਵੀ ਬੇਹੱਦ ਵਾਧਾ ਹੋ ਰਿਹਾ ਹੈ।

ਸਿਹਤ ਸੰਭਾਲ ਲਈ ਇਹ ਗੱਲ ਮਨ ਵਿਚ ਵਸਾ ਲੈਣੀ ਅਤਿਅੰਤ ਜ਼ਰੂਰੀ ਹੈ ਕਿ ਜਿਓਂ-ਜਿਓਂ ਅਸੀਂ ਕੁਦਰਤ ਤੋਂ ਦੂਰ ਹੁੰਦੇ ਚਲੇ ਜਾਵਾਂਗੇ, ਮਿੱਟੀ ਨਾਲੋਂ, ਹਵਾ ਨਾਲੋਂ, ਧੁੱਪ ਨਾਲੋਂ ਨਾਤਾ ਤੋੜਾਂਗੇ ਤਾਂ ਸਾਨੂੰ ਰੋਗਾਂ, ਜ਼ਹਿਮਤਾਂ, ਬਿਮਾਰੀਆਂ ਦੀਆਂ ਡੂੰਘੀਆਂ ਖਾਈਆਂ ਵਿਚ ਡਿੱਗਣ ਤੋਂ ਕੋਈ ਰੋਕ ਨਹੀਂ ਸਕੇਗਾ। ਵਾਤਾਵਰਣ ਨੂੰ ਗੰਧਲਾ ਕਰਕੇ, ਕੁਦਰਤ ਨਾਲ ਛੇੜਛਾੜ ਕਰਕੇ, ਅਸੀਂ ਓਹੋ ਈ ਟਾਹਣ ਵੱਢ ਰਹੇ ਆਂ ਜਿਸ ਟਾਹਣ 'ਤੇ ਅਸੀਂ ਬੈਠੇ ਹਾਂ। ਆਪਣੀ ਸਿਹਤ ਦੀ ਬੇਹਤਰੀ ਲਈ ਸਾਨੂੰ ਗੱਲਾਂ ਨਾਲੋਂ ਵੱਧ ਅਮਲੀ ਤੌਰ 'ਤੇ ਮੈਦਾਨ ਵਿਚ ਨਿਤਰਨਾ ਪਵੇਗਾ। ਰੁੱਖਾਂ, ਜੰਗਲਾਂ ਹੇਠ ਰਕਬੇ ਦਾ ਵਾਧਾ ਭਾਵੇਂ ਸਾਡੀ ਲੋੜ ਏ ਪਰ ਬਿਰਛਾਂ ਨਾਲ ਰਿਸ਼ਤੇਦਾਰੀ ਪੁਨਰ ਜੀਵਤ ਕਰਕੇ ਆਪਣੀ ਧਰਤੀ ਨੂੰ ਈ ਹਰਿਆ ਭਰਿਆ ਨਹੀਂ ਕਰਾਂਗੇ ਸਗੋਂ ਜਾਨਵਰਾਂ ਦੀਆਂ ਰਿਹਾਇਸ਼ ਗਾਹਵਾਂ, ਦਰਿਆਵਾਂ, ਨਾਲਿਆਂ, ਪਹਾੜਾਂ, ਮੈਦਾਨਾਂ ਨੂੰ ਵੀ ਸਿਹਤਮੰਦ ਰੱਖਣਾ ਪਵੇਗਾ।

ਕਹਾਣੀ

# ਇਕ ਸ਼ਿਕਾਰੀ



**ਇੰਜ. ਅਮਰੀਕ ਸਿੰਘ ਸ਼ਿਕਾਗੋ**
**ਸਾਬਕਾ ਮੈਂਬਰ ਬੀ.ਬੀ.ਐਮ.ਬੀ.**

ਕੁਝ ਖਾਸ ਵਾਦੀਆਂ ਵਿਚ ਇਕ ਸ਼ਿਕਾਰੀ ਰਹਿੰਦਾ ਸੀ। ਹਰ ਰੋਜ਼ ਉਹ ਜੰਗਲ ਵਿਚ ਪੰਛੀਆਂ ਦਾ ਸ਼ਿਕਾਰ ਕਰਨ ਜਾਂਦਾ ਹੁੰਦਾ ਸੀ। ਇਕ ਦਿਨ ਉਹ ਵੱਡੀ ਝੀਲ ਦੇ ਕਿਨਾਰੇ ਛੁਪ ਕੇ ਪੰਛੀਆਂ ਦੇ ਆਉਣ ਦੀ ਇੰਤਜ਼ਾਰ ਵਿਚ ਖੜਾ ਸੀ। ਉਸਨੇ ਕਿਸੇ ਵੱਡੇ ਪੰਛੀ ਦਾ ਵੱਡਾ ਚਿੱਟਾ ਪਰਛਾਵਾ ਪਾਣੀ ਵਿਚ ਦੇਖਿਆ। ਉਸਨੇ ਅਕਾਸ਼ ਵਲ ਤੱਕਿਆ ਪਰ ਉਹ ਚੀਜ਼ ਚਲੀ ਗਈ ਸੀ। ਪੰਛੀ ਦਾ ਇਹ ਅਕਸ ਸ਼ਿਕਾਰੀ ਦੇ ਮੰਨ ਉਪਰ ਅਤੀ ਦਿਲ ਖਿਚਵਾ ਪਰਭਾਵ ਛਡ ਗਿਆ। ਉਹ ਇਸ ਖਾਹਸ਼ ਨਾਲ ਤੜਫ ਉਠਿਆ ਕਿ ਜਿਸ ਪੰਛੀ ਦਾ ਪਰਛਾਵਾ ਦੇਖਿਆ ਹੈ ਉਸ ਨੂੰ ਫੜਨਾ ਹੀ ਹੁਣ ਉਸਦੀ ਜ਼ਿੰਦਗੀ ਦਾ ਮਕਸਦ ਹੈ। ਅਗਲਾ ਸਾਰਾ ਦਿਨ ਉਹ ਪੰਛੀ ਨੂੰ ਦੇਖਣ ਦੀ ਇੰਤਜ਼ਾਰ ਵਿਚ ਬੈਠਾ ਰਿਹਾ। ਰਾਤ ਪੈ ਗਈ ਪਰ ਉਹ ਪੰਛੀ ਨਾਂ ਆਇਆ। ਉਹ ਖਾਲੀ ਬੈਗ ਲੈ ਕਿ ਘਰ ਆ ਗਿਆ। ਉਹ ਇਕੱਲਾ ਚਿੰਤਤ ਬੈਠਾ ਰਹਿੰਦਾ। ਫਿਰ ਉਹਦਾ ਇਕ ਖਾਸ ਦੋਸਤ ਆਇਆ ਅਤੇ ਸ਼ਿਕਾਰੀ ਨੇ ਕਿਹਾ, "ਮੈਂ ਅੱਜ ਜ਼ਿੰਦਗੀ ਵਿਚ ਪਹਿਲੀ ਵਾਰ ਇਕ ਬਹੁਤ ਵੱਡਾ ਪੰਛੀ ਚਾਂਦੀ ਰੰਗੇ ਪੰਖ ਖਿਲੇਰੇ ਖੁੱਲੇ ਨੀਲੇ ਆਕਾਸ਼ ਵਿਚ ਉੱਡਦਾ ਦੇਖਿਆ ਹੈ ਅਤੇ ਇਸਨੂੰ ਦੇਖਣ ਦੀ ਨਾਂ ਬੁਝ ਖਾਹਸ਼ ਮੇਰੇ ਸੀਨੇ ਵਿਚ ਬੈਠ ਗਈ ਹੈ। ਐਸੇ ਪੰਛੀ ਨੂੰ ਪਕੜਨ ਦੀ ਖਾਹਸ਼ ਤੋਂ ਬਿਨਾ ਦੁਨੀਆਂ ਵਿਚ ਮੇਰਾ ਹੋਰ ਕੋਈ ਉਦੇਸ਼ ਨਹੀ ਰਿਹਾ।"

ਉਸਦਾ ਦੋਸਤ ਹੱਸਿਆ ਅਤੇ ਬੋਲਿਆ, "ਇਕ ਰੌਸ਼ਨੀ ਦੀ ਕਿਰਨ ਪਾਣੀ ਤੇ ਪਈ ਹੋਵੇਗੀ ਯਾ ਤੇਰੇ ਸਿਰ ਦਾ ਪਰਛਾਵਾ—ਕੱਲ ਤਕ ਤੂੰ ਉਸ ਪੰਛੀ ਨੂੰ ਭੁੱਲ ਜਾਵੇਂਗਾ।"

ਪਰ ਸ਼ਿਕਾਰੀ ਕੱਲ, ਅਗਲੇ ਕੱਲ, ਫਿਰ ਅਗਲੇ ਕੱਲ ਇਕੱਲਾ ਹੀ ਜੰਗਲ ਅਤੇ ਵਾਦੀਆਂ ਵਿਚ, ਝੀਲ ਦੇ ਕੰਡੇ ਝਾੜੀਆਂ ਵਿਚ ਲੱਭਦਾ ਰਿਹਾ ਪਰ ਪੰਛੀ ਨਾਂ ਦਿਖਾਈ ਦਿੱਤਾ। ਉਸ ਨੇ ਜੰਗਲੀ ਪੰਛੀ ਮਾਰਨੇ ਬੰਦ ਕਰ ਦਿੱਤੇ ਅਤੇ ਚਿਟੇ ਵੱਡੇ ਪੰਛੀ ਨੂੰ ਪਕੜਨਾ ਉਸਦੀ ਤੜਪਣ ਬਣ ਗਈ।

ਕਈਆਂ ਨੇ ਕਿਹਾ, "ਉਸਨੂੰ ਕੀ ਬੀਮਾਰੀ ਲਗ ਗਈ ਹੈ?"

ਬਾਕੀਆਂ ਨੇ ਕਿਹਾ, "ਨਹੀਂ, ਉਹ ਤੇ ਪਾਗਲ ਬਾਵਰਾ ਜਿਹਾ ਜਾਪਦਾ ਹੈ"

ਸਾਰਿਆਂ ਨੇ ਕਿਹਾ, "ਚਲੋ, ਹੁਣ ਸਾਰੇ ਉਸ ਦਾ ਸਾਥ ਛਡ ਦਿਓ।"

ਸੋ ਸ਼ਿਕਾਰੀ ਇਕੱਲਾ ਰਹਿ ਗਿਆ। ਇਕ ਦਿਨ ਉਹ ਰੋਂਦਾ ਹੋਇਆ ਅਤੇ ਭਾਰੇ ਦਿਲ ਨਾਲ ਜੰਗਲ ਦੀ ਛਾਂ ਵਿਚ ਚਲ ਰਿਹਾ ਸੀ ਤਾਂ ਆਮ ਆਦਮੀਆਂ ਨਾਲੋਂ ਲੰਬਾ ਅਤੇ ਮਹਾਨ ਸੂਝ ਵਾਲਾ ਇਕ ਬੁੱਢਾ ਆਦਮੀ ਉਸਨੂੰ ਮਿਲਿਆ।

ਸ਼ਿਕਾਰੀ ਨੇ ਪੁੱਛਿਆ ਤੂੰ ਕੌਣ ਹੈਂ?

ਬੁੱਢਾ ਬੋਲਿਆ, "ਮੈਂ ਸਿਆਣਪ ਹਾਂ, ਕਈ ਮੈਨੂੰ ਗਿਆਨ ਯਾ ਬੁੱਧੀਮਾਨ ਵੀ ਕਹਿੰਦੇ ਹਨ; ਸਾਰੀ ਜ਼ਿੰਦਗੀ ਮੈਂ ਇਹਨਾਂ ਵਾਦੀਆਂ ਵਿਚ ਰਿਹਾ ਹਾਂ ਪਰੰਤੂ ਮੈਨੂੰ ਉਹ ਇਨਸਾਨ ਹੀ ਦੇਖ ਸਕਦਾ ਹੈ ਜਿਸ ਨੇ ਬਹੁਤ ਕਸ਼ਟ ਸਹਿ ਹੋਣ ਅਤੇ ਜੋ ਬਹੁਤ ਉਦਾਸ ਹਾਲਤ ਵਿਚ ਹੋਵੇ; ਜਿਸ ਦੀਆਂ ਅੱਖਾਂ ਅੱਥਰੂਆਂ ਨਾਲ ਧੁੱਪ-ਧੁੱਪ ਕੇ ਸਾਫ ਹੋ ਗਈਆਂ ਹੋਣ ਅਤੇ ਜਿੰਨਾਂ ਕੁ ਕਿਸੇ ਨੇ ਦੁਖ ਭੋਗਿਆ ਹੋਵੇ ਮੈਂ ਉਸ ਨਾਲ ਉਹਦੇ ਮੁਤਾਬਕ ਗੱਲ ਕਰਦਾ ਹਾਂ।"

ਸ਼ਿਕਾਰੀ ਇਹ ਸੁਣ ਕੇ ਚੌਂਕਿਆਂ— "ਉਹ ਬੁੱਧੀਮਾਨ ਇਨਸਾਨ! ਤੂੰ ਇਥੇ ਇੰਨੀ ਦੇਰ ਤੋਂ ਰਹਿ ਰਿਹਾ ਹੈਂ ਫਿਰ ਮੈਨੂੰ ਦੱਸ! ਮੈਂ ਇਕ ਬਹੁਤ ਵੱਡਾ ਚਿਟਾ ਪੰਛੀ ਖੁੱਲੇ ਨੀਲੇ ਆਕਾਸ਼ ਵਿਚ ਉੜਦੇ ਹੋਏ ਨੂੰ ਦੇਖਿਆ ਹੈ, ਕੀ ਹੈ ਉਹ? ਮੇਰੇ ਸਾਥੀ ਯਕੀਨ ਨਹੀ ਕਰਦੇ, ਕਹਿੰਦੇ ਹਨ ਮੇਰੀ ਕਲਪਣਾ ਯਾ ਮੇਰੇ ਆਪਣੇ ਸਿਰ ਦਾ ਪਰਛਾਵਾ ਹੋਵੇਗਾ।"

ਬੁੱਧੀਮਾਨ ਹੱਸਿਆ। "ਉਹਦਾ ਨਾਮ ਸੱਚਾਈ (Truth) ਹੈ। ਉਸਨੂੰ ਜੋ ਦੇਖ ਲੈਂਦਾ ਹੈ ਫਿਰ ਉਹ ਆਰਾਮ ਨਹੀਂ ਕਰਦਾ; ਮਰਦੇ ਸਮੇਂ ਤਕ ਉਸਨੂੰ ਪਕੜਨ ਦੀ ਖਾਹਸ਼ ਰੱਖਦਾ ਹੈ।"

ਸ਼ਿਕਾਰੀ ਇਹ ਸੁਣ ਕੇ ਝੱਟ ਬੋਲਿਆ- "ਮੈਨੂੰ ਦੱਸੋ, ਮੈਂ ਉਸ ਨੂੰ ਕਿਥੋਂ ਲੱਭ ਸਕਦਾ ਹਾਂ?"

ਬੁੱਧੀਮਾਨ ਇਨਸਾਨ ਨੇ ਕਿਹਾ, ""ਅਜੇ ਤੂੰ ਬਹੁਤ ਪੀੜਾਂ ਵਿਚੋਂ ਨਹੀ ਗੁਜ਼ਰਿਆ ਹੈਂ। ਇਹ ਕਹਿ ਕਿ ਉਹ ਗ਼ੈਬ ਹੋ ਗਿਆ।"

ਸਵੇਰੇ ਉਸਨੇ ਸੁਨਹਿਰੀ ਜਾਲ ਧਰਤੀ ਤੇ ਵਿਛਾ ਦਿੱਤਾ ਅਤੇ ਵਿਸ਼ਵਾਸ ਨਾਲ ਕੁਝ ਫੁਲਾਂ ਦੇ ਬੀਜ ਛਾਤੀ ਵਾਲੇ ਬੋਝੇ ਵਿਚੋਂ ਕੱਂ ਕੇ ਜਾਲ ਉਪਰ ਖਿਲਾਰ ਦਿੱਤੇ। ਇਕ ਪੰਛੀ ਆਇਆ; ਉਸ ਦੀਆਂ ਅੱਖਾਂ ਘੁਗੀ ਜੈਸੀਆਂ ਸਨ ਅਤੇ ਉਸਨੇ ਇਕ ਸੁੰਦਰ ਗੀਤ ਗਾਇਆ — "ਇਨਸਾਨ ਰੱਬ ਹੈ! ਇਨਸਾਨ ਰੱਬ ਹੈ! ਇਨਸਾਨ ਰੱਬ ਹੈ!" ਦੂਸਰਾ ਜੋ ਫਸਿਆ ਉਹ ਕਾਲੀਆਂ ਪਿਆਰੀਆਂ ਅੱਖਾਂ ਵਾਲਾ ਅਤੇ ਅਧਿਆਤਮਿਕ ਸੀ ਜਿਹੜਾ ਰੂਹਾਂ ਦੀਆਂ ਡੂੰਘਾਈ ਦੇਖ ਸਕਦਾ ਸੀ ਅਤੇ ਉਸਨੇ ਸਿਰਫ ਇਹ ਗਾਇਆ — "ਅਮਰ ਹੋ! —ਅਮਰ ਹੋ! —ਅਮਰ ਹੋ!"

ਸ਼ਿਕਾਰੀ ਨੇ ਦੋਵੇਂ ਪੰਛੀ ਆਪਣੀਆਂ ਬਾਂਹਾਂ ਵਿਚ ਲੈ ਲਏ ਅਤੇ ਬੋਲਿਆ—""ਇਹ ਜ਼ਰੂਰ ਸੱਚਾਈ ਦੇ ਟੱਬਰ ਵਿਚੋਂ ਹਨ।"

ਫਿਰ ਇਕ ਹੋਰ ਪੰਛੀ ਹਰੇ ਅਤੇ ਸੋਨੇ ਰੰਗ ਵਾਲਾ ਆਇਆ ਜਿਸ ਨੇ ਤਿੱਖੀ ਆਵਾਜ਼ ਵਿਚ ਗਾਇਆ, "ਮੌਤ ਬਾਦ ਇਨਾਮ! ਮੌਤ ਬਾਦ ਇਨਾਮ! ਮੌਤ ਬਾਦ ਇਨਾਮ!"

ਸ਼ਿਕਾਰੀ ਬੋਲਿਆ, "ਤੂੰ ਇੰਨਾ ਸੋਹਣਾ ਨਹੀਂ ਫਿਰ ਵੀ ਸੋਹਣਾ ਹੈ" ਅਤੇ ਫੜ ਲਿਆ।

ਫਿਰ ਹੋਰ ਆਏ, ਚਮਕਦੇ ਰੰਗਦਾਰ, ਮਨਮੋਹਣੇ ਗੀਤ ਗਾਂਦੇ ਹੋਏ "ਸ਼ਿਕਾਰੀ ਨੇ ਸਾਰੇ ਪੰਛੀ ਇਕੱਠੇ ਕੀਤੇ ਅਤੇ ਲੋਹੇ ਦਾ ਮਜ਼ਬੂਤ ਪਿੰਜਰੇ ਵਿੱਚ ਬੰਦ ਕਰ ਦਿੱਤੇ।"

ਫਿਰ ਲੋਕ ਨੱਚਦੇ ਅਤੇ ਗਾਂਦੇ ਆ ਗਏ। ਲੋਕਾਂ ਨੇ ਕਿਹਾ, "ਓ ਖੁਸ਼

ਦਿਲ ਸ਼ਿਕਾਰੀ ! ਓ ਅਜੀਬ ਬੰਦੇ ! ਓ ਸੁੰਦਰ ਪੰਛੀ ! ਓ ਪਿਆਰੇ ਗੀਤ !"

ਕਿਸੇ ਨੇ ਇਹ ਨਾ ਪੁੱਛਿਆ ਕਿ ਪੰਛੀ ਕਿਥੋਂ ਆਏ ਹਨ ਅਤੇ ਕਿਸ ਤਰ੍ਹਾਂ ਫੜੇ ਹਨ ਪਰ ਉਹ ਨੱਚੇ ਅਤੇ ਉਹਨਾਂ ਸਾਹਮਣੇ ਗਾਂਦੇ ਰਹੇ। ਸ਼ਿਕਾਰੀ ਵੀ ਖ਼ੁਸ਼ ਸੀ ਕਿਉਂਕਿ: "ਯਕੀਨਨ ਸੱਚਾਈ ਉਹਨਾਂ ਵਿਚ ਹੀ ਹੋਵੇਗੀ; ਵਕਤ ਆਣ ਤੇ ਉਹ ਪਰ ਕੱਢੇਗੀ ਅਤੇ ਮੈਂ ਉਹਦੇ ਪਰ ਨੋਚ ਕੇ, ਉਸ ਬਰਫ ਵਰਗੇ ਚਿਟੇ ਪੰਛੀ ਨੂੰ ਦੇਖਾਂਗਾ। ਫਿਰ ਸਦਾ ਲਈ ਆਪਣੇ ਕੋਲ ਰੱਖਾਂਗਾ।"

ਪ੍ਰੰਤੂ ਵਕਤ ਬੀਤਦਾ ਗਿਆ। ਸ਼ਿਕਾਰੀ ਦਾ ਦਿਲ ਭਾਰਾ ਹੁੰਦਾ ਗਿਆ। ਉਹ ਹੌਲੀ-ਹੌਲੀ ਬੁੱਢਿਆਂ ਵਾਂਗ ਚਲਦਾ ਜਿਸ ਤਰ੍ਹਾਂ ਬੁੱਢਾ ਹੋ ਗਿਆ ਹੋਵੇ ਅਤੇ ਰੋਂਦਾ ਰਹਿੰਦਾ। ਭਿਅੰਕਰ ਖਾਹਸ਼ ਬਰਫ ਵਰਗੇ ਚਿਟੇ ਪੰਛੀ ਨੂੰ ਪਕੜਨ ਦੀ ਉਸਦੀ ਛਾਤੀ ਵਿਚ ਜਾਗ ਪਈ ਸੀ। ਇਕ ਦਿਨ ਜਦੋਂ ਉਹ ਇਕੱਲਾ ਰੋ ਰਿਹਾ ਸੀ ਤਾਂ ਉਹੀ ਬੁੱਢਾ ਬੁੱਧੀਮਾਨ ਇਨਸਾਨ ਉਸ ਨੂੰ ਮਿਲਿਆ। ਸ਼ਿਕਾਰੀ ਨੇ ਸੱਚਾਈ ਪੰਛੀ ਨੂੰ ਫੜਨ ਲਈ ਜੋ ਕੁਝ ਕਰਦਾ ਰਿਹਾ ਸੀ ਉਸਨੇ ਉਹ ਸਭ ਕੁਝ ਬੁੱਧੀਮਾਨ ਆਦਮੀ ਨੂੰ ਦੱਸਿਆ।

ਬੁੱਧੀਮਾਨ ਆਦਮੀ ਉਦਾਸੀ ਨਾਲ ਹੱਸਿਆ। ਬੁੱਧੀਮਾਨ ਨੇ ਕਿਹਾ, "ਕਈ ਬੰਦਿਆਂ ਨੇ ਸੱਚਾਈ ਨੂੰ ਫੜਨ ਲਈ ਜਾਲ ਵਿਛਾਏ ਪਰ ਉਹ ਉਸਨੂੰ ਵੇਖ ਵੀ ਨਹੀਂ ਸਕੇ ਫੜਨਾ ਤੇ ਦੂਰ ਦੀ ਗਲ ਹੈ। ਇਹੋ ਜੇਹੇ ਦਾਣੇ ਉਹਦਾ ਭੋਜਨ ਨਹੀਂ ਹੈ; ਇਹੋ ਜੇਹੇ ਜਾਲਾਂ ਵਿਚ ਉਸਦੇ ਪੈਰ ਨਹੀਂ ਪਕੜੇ ਜਾ ਸਕਦੇ; ਇਹਨਾਂ ਵਾਦੀਆਂ ਦੀ ਹਵਾ ਵਿਚ ਉਹ ਸਾਹ ਨਹੀਂ ਲੈ ਸਕਦੀ। ਜਿਹੜੇ ਤੂੰ ਪੰਛੀ ਫੜੇ ਹਨ ਇਹ ਚਿੰਤਾ ਅਤੇ ਝੂਠ ਦਾ ਖ਼ਾਨਦਾਨ ਹੈ। ਸੁੰਦਰ ਅਤੇ ਖ਼ੂਬਸੂਰਤ ਹਨ ਪਰ ਫਿਰ ਵੀ ਝੂਠ ਹੀ ਹੈ; ਸੱਚਾਈ ਇਹਨਾਂ ਨੂੰ ਨਹੀਂ ਜਾਣਦੀ।"

ਸ਼ਿਕਾਰੀ ਕੁੜੱਤਣ ਭਰੀ ਚੀਕ ਵਿਚ ਬੋਲਿਆ—"ਕੀ ਫਿਰ ਮੈਂ ਇਸ ਖਾਹਸ਼ ਨਾਲ ਬਰਬਾਦ ਹੋ ਜਾਵਾਂ ਅਤੇ ਚੁੱਪ-ਚਾਪ ਬੈਠਾ ਰਵਾਂ?"

ਬੁੱਧੀਮਾਨ ਬੋਲਿਆ," ਸੁਣ, ਕਿਉਂਕਿ ਤੂੰ ਬੜਾ ਰੋਇਆ ਅਤੇ ਦੁਖ ਝੱਲਿਆ ਹੈ, ਜੋ ਮੈਂ ਜਾਣਦਾ ਹਾਂ ਸੋ ਦੱਸਦਾ ਹਾਂ। ਜੋ ਇਨਸਾਨ ਸੱਚਾਈ ਦੀ ਖੋਜ ਨੂੰ ਜਾਂਦਾ ਹੈ ਉਸਨੂੰ ਇਹ ਅੰਧ ਵਿਸ਼ਵਾਸ ਦੀਆਂ ਵਾਦੀਆਂ ਨੂੰ ਸਦਾ ਲਈ ਛੱਡਣਾ ਪੈਂਦਾ ਹੈ। ਉਸ ਨੂੰ ਇਕੱਲੇ ਹੀ ਇਸ ਨਕਾਰੀ ਅਤੇ ਝੂਠੀਆਂ ਵਾਦੀਆਂ ਵਿਚੋਂ ਲੰਘਣਾ ਹੋਵੇਗਾ; ਜ਼ਰੂਰ ਹੀ ਸਭ ਛੱਡਣਾ ਹੋਵੇਗਾ; ਹਰ ਆਸ਼ਾਵਾਂ ਤਿਆਗਣੀਆਂ ਹੋਣਗੀਆਂ ਅਤੇ ਜਦੋਂ ਚਾਨਣ ਆਵੇਗਾ ਤਾਂ ਉਸ ਨੂੰ ਖ਼ੁਸ਼ਕ ਧੁੱਪ ਵਾਲੀ ਧਰਤੀ ਵਿਚੋਂ ਲੰਘਣਾ ਪਵੇਗਾ। ਬੜੇ ਠੋਸ ਪਹਾੜ ਉਹਦੇ ਰਾਹ ਵਿਚ ਰੁਕਾਵਟ ਬਣ ਕੇ ਖੜੇ ਹੋਣਗੇ; ਇਹਨਾਂ ਦੇ ਉਪਰ ਚੜ ਕੇ ਪਾਰ ਕਰਨਾ ਹੋਵੇਗਾ; ਉਹਨਾਂ ਪਹਾੜਾਂ ਦੇ ਬਾਦ ਸੱਚਾਈ ਜੇ ਚਾਹੇ ਤਾਂ ਮਿਲ ਸਕਦੀ ਹੈ।

ਸ਼ਿਕਾਰੀ ਚੀਕਿਆ, 'ਫਿਰ ਮੈਂ ਸੱਚਾਈ ਨੂੰ ਘੁਟ ਕੇ ਫੜ ਲਵਾਂਗਾ !'

ਸਿਆਣੇ ਬੁੱਧੀਮਾਨ ਆਦਮੀ ਨੇ ਸਿਰ ਹਿਲਾਇਆ। "ਤੂੰ ਕਦੀ ਵੀ ਸੱਚਾਈ ਨੂੰ ਵੇਖ ਨਹੀਂ ਸਕੇਗਾ, ਕਦੀ ਵੀ ਫੜ ਨਹੀਂ ਸਕੇਗਾ।"

ਸ਼ਿਕਾਰੀ ਚਿਲ-ਲਾਇਆ, 'ਫਿਰ ਤੇ ਕੋਈ ਉਮੀਦ ਨਹੀਂ ?'

ਬੁੱਧੀਮਾਨ ਨੇ ਕਿਹਾ, "ਕੁਝ ਇਸ ਤਰ੍ਹਾਂ ਦੀ ਗਲ ਮੈਂ ਜਾਣਦਾ ਹਾਂ ਕਿ ਜਿਹੜੇ ਵੀ ਇਨਸਾਨ ਇਹਨਾਂ ਪਹਾੜਾਂ ਨੂੰ ਟਪੇ ਫਿਰ ਉਹਨਾਂ ਦੇ ਅਗੇ ਕਈ ਗੋਲ-ਗੋਲ ਪਹਾੜਾਂ ਦੇ ਰਸਤੇ ਆਏ। ਉਹਨਾਂ ਨੂੰ ਵੀ ਪਾਰ ਕੀਤਾ ਅਤੇ ਫਿਰ ਅਗੇ ਲੰਘਦਿਆਂ ਉੱਚੇ ਸਥਾਨ ਆਏ। ਕਈਆਂ ਨੂੰ ਇਤਫ਼ਾਕ ਹੋਇਆ ਰਸਤੇ ਵਿਚੋਂ ਇਕ ਬਰਫ ਵਰਗੇ ਚਿਟੇ ਖੰਭ ਫੜਨ ਦਾ ਜੋ ਕੇ ਸੱਚਾਈ ਦੇ ਪਰਾਂ ਵਿਚੋਂ ਡਿਗਿਆ ਹੋਇਆ ਸੀ। ਫਿਰ ਬੁੱਧੀਮਾਨ ਨੇ ਪੈਗੰਬਰਾਂ ਵਾਂਗੂੰ ਇਕ ਉਂਗਲ ਆਕਾਸ਼ ਵਲ ਕਰਦਿਆਂ ਕਿਹਾ ਤੇਰੇ ਨਾਲ ਇਹ ਸਭ ਕੁਝ ਹੋਵੇਗਾ। ਤੂੰ ਲੰਘਦਾ ਜਾਵੇਗਾ। ਕਾਫੀ ਡਿਗੇ ਹੋਏ ਚਿਟੇ ਖੰਭ ਰਸਤੇ ਵਿਚੋਂ ਲੋਕਾਂ ਨੇ ਇਕੱਠੇ ਕਰਕੇ ਧਾਗਾ ਬਣਾ ਕੇ ਜਾਲ ਹੋ ਸਕਦਾ ਹੈ ਬੁਣਿਆ ਹੋਵੇ। ਜੇ ਨਹੀਂ ਤਾਂ ਤੈਨੂੰ ਖ਼ੁਦ ਉਹਨਾਂ ਖੰਭਾਂ ਦਾ ਧਾਗਾ ਬਣਾ ਕਿ ਜਾਲ ਬਣਾਣਾ ਹੋਵੇਗਾ ਜਿਸ ਨਾਲ ਸੱਚਾਈ ਪਕੜੀ ਜਾ ਸਕਦੀ ਹੈ। ਹੋਰ ਕੋਈ ਚੀਜ਼ ਨਹੀਂ ਪ੍ਰੰਤੂ ਸੱਚਾਈ ਨੂੰ ਸਿਰਫ ਸੱਚਾਈ ਹੀ ਫੜ ਸਕਦੀ ਹੈ।"

ਸ਼ਿਕਾਰੀ ਉਠਿਆ ਅਤੇ ਬੋਲਿਆ, "ਮੈਂ ਜਾਵਾਂਗਾ।"

ਪਰ ਬੁੱਧੀਮਾਨ ਨੇ ਉਸਨੂੰ ਰੋਕ ਲਿਆ ਅਤੇ ਬੋਲਿਆ, "ਇਹ ਚੰਗੀ ਤਰ੍ਹਾਂ ਜਾਣ ਲੈ—ਮੈਂ ਜੁਗਾਂ ਦੇ ਇਕੱਠੇ ਕੀਤੇ ਗਿਆਨ ਦਾ ਬੱਚਾ ਹਾਂ; ਮੈਂ ਉਥੋਂ ਤਕ ਹੀ ਜਾ ਸਕਦਾ ਹਾਂ ਜਿਥੋਂ ਤਕ ਬਹੁਤ ਲੋਕ ਜਾ ਸਕੇ ਹਨ ਉਸ ਤੋਂ ਹਰਗਿਜ਼ ਅੱਗੇ ਨਹੀਂ। ਉਹਨਾਂ ਪਹਾੜਾਂ ਉਪਰ ਬਹੁਤ ਥੋੜ੍ਹੇ ਪੈਰ ਹੀ ਜਾ ਸਕੇ ਹਨ; ਹਰ ਆਦਮੀ ਆਪਣਾ ਰਾਹ ਆਪ ਚੁਣਦਾ ਹੈ। ਉਹ ਆਪਣੀ ਖਤਰਨਾਕ ਸਥਿਤੀ ਦਾ ਖ਼ੁਦ ਜ਼ਿੰਮੇਵਾਰ ਹੈ। ਫਿਰ ਉਹ ਨਹੀਂ ਸੁਣਦਾ ਕਦੀ ਵੀ ਮੇਰੀ ਆਵਾਜ਼ ਨੂੰ। ਮੈਂ ਉਹਦੇ ਪਿਛੇ ਹੋ ਸਕੇ ਤਾਂ ਚੱਲਦਾ ਹਾਂ, ਪਰ ਉਸ ਤੋਂ ਅਗੇ ਕਦੀ ਵੀ ਨਹੀਂ ਚਲ ਸਕਦਾ।"

ਇਹ ਕਹਿ ਕੇ ਬੁੱਧੀਮਾਨ ਇਨਸਾਨ ਗ਼ੈਬ ਹੋ ਗਿਆ।

ਸ਼ਿਕਾਰੀ ਨੇ ਸਭ ਪੰਛੀ ਛਡ ਦਿੱਤੇ ਅਤੇ ਫਿਰ ਬੋਲਿਆ, "ਮੈਂ ਇਹਨੂੰ ਕਾਲੀਆਂ ਪਿਆਰੀਆਂ ਅੱਖਾਂ ਵਾਲੇ ਅਤੇ ਅਧਿਆਤਮਿਕ ਪੰਛੀ ਨੂੰ ਜਿਹੜਾ ਰੂਹਾਂ ਦੀਆਂ ਡੂੰਘਾਈ ਦੇਖ ਸਕਦਾ ਹੈ ਨੂੰ ਛੱਡ ਨਹੀਂ ਸਕਦਾ। ਇਹ ਕੋਈ ਭਾਰਾ ਨਹੀ ਹੈ, ਇਹ ਕੁਝ ਖਾਂਦਾ ਵੀ ਨਹੀਂ ਹੈ। ਮੈਂ ਇਹਨੂੰ ਕੋਲ ਰੱਖਾਂਗਾ। ਮੈਂ ਇਸ ਨੂੰ ਕਮੀਜ਼ ਥੱਲੇ ਲੁਕਾ ਲਵਾਂਗਾ ਅਤੇ ਨਾਲ ਲੈ ਜਾਵਾਂਗਾ। ਉਹ ਲੁਕਾ ਕੇ ਲੈ ਗਿਆ।"

ਪਰ ਇਹ ਲੁਕੀ ਹੋਈ ਚੀਜ਼ ਭਾਰੀ, ਭਾਰੀ ਅਤੇ ਹੋਰ ਭਾਰੀ ਹੁੰਦੀ ਗਈ¢ਇਹ ਸਿਕੇ ਵਰਗੋਂ ਭਾਰਾ ਸੀ ਅਤੇ ਸ਼ਿਕਾਰੀ ਇਸ ਭਾਰ ਨੂੰ ਲੈ ਕੇ ਵਾਦੀ ਵਿਚੋਂ ਲੰਘ ਨਹੀਂ ਸੀ ਸਕਦਾ।

ਸ਼ਿਕਾਰੀ ਚੀਕਿਆ, "ਉਹ ਮੇਰੇ ਦਿਲ ਦੇ ਟੁਕੜੇ ਕੀ ਮੈਂ ਤੈਨੂੰ ਰੱਖ ਨਹੀ ਸਕਦਾ?" ਉਸਨੇ ਆਪਣੇ ਹੱਥਾਂ ਵਿਚੋਂ ਪੰਛੀ ਨੂੰ ਛੱਡ ਦਿੱਤਾ ਅਤੇ ਉਦਾਸੀ ਨਾਲ ਕਿਹਾ, ਉਡ ਜਾ, ਰੂਹ ਦੇ ਗੀਤ ਦਾ ਤੂੰ ਇਕ ਲਫ਼ਜ਼ ਗਾਇਆ ਸੀ ਪਰ ਮੈਂ ਹੁਣ ਨਹੀਂ ਸੁਣ ਸਕਾਂਗਾ। ਪੰਛੀ ਸ਼ਿਕਾਰੀ ਕੋਲੂ ਸਦਾ ਲਈ ਵਿਛੜ ਗਿਆ।

ਸ਼ਿਕਾਰੀ ਅਗੇ ਜਾਣ ਨੂੰ ਤੁਰਨ ਲੱਗਾ ਪਰ ਕੁਝ ਲੋਕ ਰੌਲਾ ਪਾਂਦੇ ਆ ਗਏ ਅਤੇ ਕਹਿਣ ਲਗੇ, "ਸ਼ਿਕਾਰੀ ਕੁੱਤੇ-ਪਾਗਲ, ਸ਼ੁਦਾਈ ਬੰਦੇ, ਤੇਰੀ ਹਿੰਮਤ ਕਿਸ ਤਰ੍ਹਾਂ ਪਈ ਪਿੰਜਰਾ ਤੋੜ ਕੇ ਪੰਛੀਆਂ ਨੂੰ ਛਡਣ ਦੀ।"

ਸ਼ਿਕਾਰੀ ਕੁਝ ਬੋਲਿਆ ਪਰ ਲੋਕਾਂ ਨੇ ਨਾਂ ਸੁਣਿਆ।

ਲੋਕ ਬੋਲ ਰਹੇ ਸਨ, "ਸੱਚਾਈ ! ਕੀ ਚੀਜ਼ ਹੈ ! ਕੀ ਤੂੰ ਉਸਨੂੰ ਖਾ ਸਕਦਾ ਹੈਂ ? ਕੀ ਤੂੰ ਉਸਨੂੰ ਪੀ ਸਕਦਾ ਹੈਂ ? ਤੇਰੇ ਪੰਛੀ ਅਸਲੀ ਸਨ: ਸਾਰੇ ਉਹਨਾਂ ਦਾ ਸੰਗੀਤ ਸੁਣ ਸਕਦੇ ਸਨ ! ਉਹ ਮੂਰਖ ! ਖੋਤੇ ! ਅੰਧ ਵਿਸ਼ਵਾਸ ਬੰਦੇ ਤੂੰ ਵਾਦੀ ਦੀ ਹਵਾ ਗੰਦੀ ਕਰ ਰਿਹਾ ਹੈਂ। ਚੁਕੋ ਪੱਥਰ-ਚਲੋ ਆਓ ਇਸ ਨੂੰ ਮਾਰੀਏ।"

ਲੋਕਾਂ ਨੇ ਪੱਥਰ ਮਾਰੇ ਅਤੇ ਉਸਤੇ ਚਿੱਕੜ ਸੁੱਟਿਆ। ਸ਼ਿਕਾਰੀ ਨੂੰ ਸੱਟਾਂ ਲੱਗੀਆਂ। ਸ਼ਾਮ ਪੈ ਗਈ।

ਸ਼ਿਕਾਰੀ ਅਗੇ ਨੂੰ, ਅਗੇ ਨੂੰ ਚਲਦਾ ਗਿਆ ਅਤੇ ਹਨੇਰਾ ਗੂੜ੍ਹਾ ਹੁੰਦਾ

ਗਿਆ। ਉਹ ਐਸੀ ਧਰਤੀ ਤੇ ਆ ਗਿਆ ਸੀ ਜਿਥੇ ਹਮੇਸ਼ਾ ਰਾਤ ਹੀ ਰਹਿੰਦੀ ਹੈ। ਉਸ ਨੇ ਪੈਰ ਅਗੇ, ਹੋਰ ਪੈਰ ਅਗੇ ਰਖਿਆ ਪਰ ਰੌਸ਼ਨੀ ਨਹੀਂ ਸੀ। ਉਹ ਦਰੱਖ਼ਤਾਂ ਦੀਆਂ ਟਾਹਣੀਆਂ ਫੜਦਾ ਪਰ ਜਿਹੜੀ ਟਾਹਣੀ ਨੂੰ ਉਹ ਹੱਥ ਪਾਵੇ ਉਹ ਟਾਹਣੀ ਟੁੱਟ ਕੇ ਗਰਮ ਸੁਆਹ ਬਣ ਜਾਵੇ ਅਤੇ ਧਰਤੀ ਉਪਰ ਡਿਗਦੀ ਜਾਵੇ। ਉਹਦੇ ਹਰ ਕਦਮ ਨਾਲ ਪੈਰ ਥੱਲੇ ਨੂੰ ਧਸ ਜਾਵੇ ਅਤੇ ਬਰੀਕ ਗਰਮ ਸਵਾਹ ਦੇ ਬਦਲ ਉਹਦੇ ਮੂੰਹ ਤੇ ਪੈਣ ਅਤੇ ਉਪਰੋਂ ਹਨੇਰਾ ਵੀ ਸੀ। ਸੋ ਉਹ ਇਕ ਪੱਥਰ ਉਪਰ ਸਿਰ ਹੱਥਾਂ ਵਿਚ ਲੈ ਕੇ ਬੈਠ ਗਿਆ ਜਦੋਂ ਤਕ ਉਸ ਨਿਕਾਰੀ ਅਤੇ ਤਿਆਗੀ ਦੁਨੀਆਂ ਵਿਚ ਰੌਸ਼ਨੀ ਨਹੀਂ ਆਉਂਦੀ।

ਉਹਦੇ ਦਿਲ ਵਿਚ ਵੀ ਕਾਲੀ ਰਾਤ ਸੀ।

ਫਿਰ ਉਹਦੇ ਖੱਬੇ ਅਤੇ ਸੱਜੇ ਪਾਸਿਉਂ ਦਲਦਲ ਵਿਚੋਂ ਠੰਡੀ ਧੁੰਦ ਉਠੀ ਅਤੇ ਉਸਨੂੰ ਘੇਰ ਲਿਆ। ਬਹੁਤ ਬਰੀਕ ਬਾਰਸ਼ ਹਨੇਰੇ ਵਿਚ ਪੈਣੀ ਸ਼ੁਰੂ ਹੋਈ। ਉਹਦੇ ਸਿਰ ਦੇ ਵਾਲ ਅਤੇ ਕੱਪੜੇ ਪਾਣੀ ਨਾਲ ਗੜੁਚ ਹੋ ਗਏ। ਉਹਦੇ ਦਿਲ ਦੀ ਧੜਕਨ ਘਟ ਗਈ ਅਤੇ ਉਹਦੇ ਸਾਰੇ ਅੰਗਾਂ ਵਿਚ ਠੰਡ ਨਾਲ ਸੁੰਨ ਫੈਲਣ ਲਗੀ। ਫਿਰ ਉਸਨੇ ਉਪਰ ਅਸਮਾਨ ਵਿਚ ਦੋ ਸੂਖਮ ਰੌਸ਼ਨੀ ਦੇ ਗੁੱਛੇ ਲਟ-ਲਟ ਅਤੇ ਨੱਚਦੇ ਹੋਏ ਦੇਖੇ। ਸਿਰ ਚੁਕੀ ਉਹ ਉਹਨਾਂ ਵਲ ਤੱਕਣ ਲਗ ਪਿਆ। ਆਖਿਰ ਵਿਚ ਉਹ ਗੁੱਛੇ ਉਹਦੇ ਵਲ ਵੱਧਦੇ ਗਏ ਵੱਧਦੇ ਗਏ ਅਤੇ ਉਹਦੇ ਸਾਹਮਣੇ ਆ ਕੇ ਖਲੋ ਗਏ। ਉਹ ਬਹੁਤ ਚਮਕੀਲੇ ਰੌਸ਼ਨ ਅਤੇ ਗਰਮ ਵੀ ਸਨ। ਇਕ ਰੌਸ਼ਨੀ ਦੇ ਗੁੱਛੇ ਦੇ ਅੰਦਰ ਵਲ ਨੂੰ ਸ਼ਿਕਾਰੀ ਨੇ ਝਾਕਿਆ ਅਤੇ ਉਸਨੇ ਉਹਦੇ ਵਿਚ ਇਕ ਖ਼ੂਬਸੂਰਤ ਔਰਤ ਦਾ ਚੇਹਰਾ ਹੱਸਦਾ ਹੋਇਆ ਜਿਸ ਨਾਲ ਉਹਦੀਆਂ ਗਲਾਂ ਵਿਚ ਡੁੱਘ ਪੈਂਦੇ ਅਤੇ ਉਹਦੇ ਲਹਿਰਾਉਂਦੇ ਸੁਨਹਿਰੀ ਵਾਲ ਵੇਖੇ¢ ਦੂਸਰੇ ਰੌਸ਼ਨੀ ਦੇ ਅੰਦਰ ਉਸ ਤੋਂ ਵੀ ਹੋਰ ਸੁੰਦਰ ਔਰਤ ਹੱਸਦੀ ਅਤੇ ਵਲ ਖਾਂਦੀ ਹੋਈ ਸ਼ਰਾਬ ਵਿਚ ਤੈਰਦੀ ਦਿਸੀ। ਉਹ ਦੋਵੇਂ ਸ਼ਿਕਾਰੀ ਦੇ ਸਾਹਮਣੇ ਨੱਚਣ ਲਗ ਪਈਆਂ। ਸ਼ਿਕਾਰੀ ਨੇ ਪੁੱਛਿਆ, "ਤੁਸੀਂ ਕੌਣ ਹੋ? ਮੇਰੀ ਇਸ ਇਕਲਾਪੇ-ਪਨ ਅਤੇ ਹਨੇਰੀ ਦੁਨੀਆਂ ਵਿਚ ਤੁਸੀਂ ਕਿਉਂ ਆਈਆਂ ਹੋ?"

ਉਹ ਬੋਲੀਆਂ, "ਅਸੀਂ ਜੁੜਵਾਂ ਭੈਣਾਂ ਹਾਂ। ਨਾਮ ਹੈ ਸਾਡਾ ਐਸ਼ ਅਤੇ ਕਾਮਨੀ। ਸਾਡੇ ਬਾਪ ਦਾ ਨਾਮ ਹੈ ਮਨੁਖਾ-ਫਿਤਰਤ, ਅਤੇ ਮਾਂ ਦਾ ਨਾਮ ਹੈ ਅਧਿਕਤਾ (Excess)। ਸਾਡੀ ਉਮਰ ਇਹਨਾਂ ਪਹਾੜਾਂ ਅਤੇ ਨਦੀਆਂ ਜਿੰਨੀ ਹੈ। ਜਦੋਂ ਇਸ ਦੁਨੀਆਂ ਤੇ ਪਹਿਲਾ ਆਦਮੀ ਪੈਦਾ ਹੋਇਆ ਸੀ ਸਾਡੀ ਉਮਰ ਉਹਦੇ ਜਿੰਨੀ ਹੈ ਪਰ ਅਸੀਂ ਮਰਦੀਆਂ ਨਹੀਂ ਉਹ ਹੱਸੀਆਂ।

ਪਹਿਲੀ ਬੋਲੀ, "ਉ! ਮੈਂ ਤੇਰੇ ਦੁਆਲੇ ਆਪਣੀਆਂ ਬਾਂਹਾਂ ਲਪੇਟਦੀ ਹਾਂ; ਇਹ ਕੂਲੀਆਂ ਪਰ ਨਿੱਘੀਆਂ ਹਨ। ਤੇਰਾ ਦਿਲ ਠੰਡਾ ਠਾਰ ਹੋਇਆ ਪਿਆ ਹੈ ਪਰ ਇਸ ਨੂੰ ਮੈਂ ਗਰਮਾ ਕੇ ਤੇਜ ਚਲਾ ਦਿੰਦੀ ਹਾਂ। ਮੇਰੇ ਨੇੜੇ ਆ।"

ਦੂਸਰੀ ਨੇ ਕਿਹਾ, "ਮੈਂ ਤੇਰੇ ਵਿਚ ਆਪਣੀ ਗਰਮ ਜ਼ਿੰਦਗੀ ਪਾ ਦਿੰਦੀ ਹਾਂ ਜਿਸ ਨਾਲ ਤੇਰਾ ਸੁੰਨ ਦਿਮਾਗ ਅਤੇ ਸਰੀਰ ਦੇ ਹੋਰ ਸੁੰਨ ਹੋਏ ਹਿੱਸੇ ਜੋ ਇਸ ਵੇਲੇ ਮੁਰਦਾ ਹਨ ਉਹ ਫਿਰ ਤੋਂ ਭਖਦੀ ਆਜ਼ਾਦ ਜ਼ਿੰਦਗੀ ਵਿਚ ਹਰਕਤ ਕਰਨਗੇ। ਉ ਮੇਰੇ ਨੇੜੇ ਆ; ਮੈਨੂੰ ਕਰਨ ਦੇ।

ਉਹਨਾਂ ਔਰਤਾਂ ਨੇ ਕਿਹਾ, "ਸਾਡੇ ਮਗਰ ਆ ਅਤੇ ਸਾਡੇ ਕੋਲ ਰਹਿ। ਤੇਰੇ ਨਾਲੋਂ ਸ੍ਰੇਸ਼ਟ ਦਿਲਾਂ ਦੇ ਮਾਲਕ ਜੋ ਇਥੇ ਹਨੇਰੇ ਵਿਚ ਚਾਨਣ ਦਾ ਇੰਤਜ਼ਾਰ ਕਰਦੇ ਰਹੇ; ਅਸੀਂ ਉਹਨਾਂ ਕੋਲ ਗਈਆਂ ਅਤੇ ਉਹ ਸਾਡੇ ਕੋਲ ਆਏ। ਫਿਰ ਉਹ ਸਾਨੂੰ ਛਡ ਕੇ ਕਿਧਰੇ ਹੋਰ ਨਾਂ ਗਏ ਅਤੇ ਮੌਤ ਤਕ ਸਾਡੇ ਕੋਲ ਹੀ ਰਹੇ। ਬਾਕੀ ਸਭ ਭਰਮ ਹੈ ਪ੍ਰੰਤੂ ਅਸੀਂ ਹੀ ਅਸਲ ਅਤੇ ਅਸਲੀਅਤ ਹਾਂ। ਸੱਚਾਈ ਇਕ ਪਰਛਾਵਾਂ ਹੈ; ਇਸ ਅੰਧਵਿਸ਼ਵਾਸ ਦੀਆਂ ਵਾਦੀਆਂ ਵਿਚ ਸਭ ਤਮਾਸ਼ਾ ਹੀ ਹੈ; ਇਹ ਜ਼ਮੀਨ ਸਿਰਫ ਮਿੱਟੀ ਹੀ ਹੈ, ਦਰਖ਼ਤ ਗਲੇ ਸੜੇ ਹਨ—ਪਰ ਅਸੀਂ !--ਸਾਨੂੰ ਮਹਿਸੂਸ ਕਰ—ਅਸੀਂ ਜਿੰਦਾ ਹਾਂ! ਤੂੰ ਸਾਡੇ ਤੇ ਸ਼ੱਕ ਨਹੀਂ ਕਰ ਸਕਦਾ। ਸਾਡੇ ਮਗਰ ਆ। ਸਾਨੂੰ ਛੂਹ ਕੇ ਦੇਖ ਅਸੀਂ ਕਿੰਨੀਆਂ ਨਿੱਘੀਆਂ ਹਾਂ। ਉ ਸਾਡੇ ਕੋਲ ਆ! ਸਾਡੇ ਨਾਲ ਚਲ!"

ਸ਼ਿਕਾਰੀ ਦੇ ਸਿਰ ਦੇ ਉਪਰ ਉਹ ਮੰਡਲਾਂਦੀਆਂ ਰਹੀਆਂ, ਅਤੇ ਉਹਦੇ ਮਥੇ ਤੇ ਜੰਮਿਆ ਪਾਣੀ ਪਿਘਲਿਆ। ਚਮਕੀਲੀ ਰੌਸ਼ਨੀ ਉਹਦੀਆਂ ਅੱਖਾਂ ਵਿਚ ਪਈ; ਉਹਦੀਆਂ ਅੱਖਾਂ ਚੁੰਧਿਆ ਗਈਆਂ, ਉਹ ਚਕਰਾ ਗਿਆ ਅਤੇ ਜੰਮਿਆ ਖੂਨ ਹਰਕਤ ਵਿਚ ਆ ਗਿਆ ਅਤੇ ਉਸਨੇ ਸੋਚਿਆ, "ਹਾਂ, ਮੈਂ ਇਸ ਅੰਨੇ ਹਨੇਰੇ ਵਿਚ ਕਿਉ ਮਰਾਂ? ਇਹ ਗਰਮ ਹਨ ਅਤੇ ਇਹਨਾਂ ਨੇ ਮੇਰਾ ਜੰਮਿਆ ਖੂਨ ਪਿਘਲਾ ਦਿੱਤਾ ਹੈ! ਉਸਨੇ ਆਪਣਾ ਹੱਥ ਅਗੇ ਵਧਾਇਆ ਤਾਂ ਕਿ ਉਹ ਇਸਨੂੰ ਆਪਣੇ ਕੋਲ ਲੈ ਜਾਣ।"

ਫਿਰ ਇਕ ਪਲ ਵਿਚ ਜਿਸ ਚੀਜ਼ ਨੂੰ ਉਹ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਚਾਹੁੰਦਾ ਸੀ ਉਸਦਾ ਅਕਸ ਉਹਦੇ ਸਾਹਮਣੇ ਖੜ੍ਹਾ ਦਿਖਾਈ ਦਿੱਤਾ ਅਤੇ ਸ਼ਿਕਾਰੀ ਨੇ ਆਪਣਾ ਹੱਥ ਵਾਪਸ ਖਿੱਚ ਲਿਆ ਆਪਣੇ ਵਲ।

ਦੋਵੇਂ ਇਸਤਰੀਆਂ ਚੀਕੀਆਂ, ਉ, ਸਾਡੇ ਨਾਲ ਚਲ।

ਪਰ ਸ਼ਿਕਾਰੀ ਨੇ ਚਿਹਰਾ ਥੱਲੇ ਜ਼ਮੀਨ ਵਲ ਕਰ ਲਿਆ।

ਸ਼ਿਕਾਰੀ ਲਲਕਾਰ ਕੇ ਬੋਲਿਆ, "ਤੁਸੀਂ ਮੇਰੀਆਂ ਅੱਖਾਂ ਚੁੰਧਿਆ ਦਿੱਤੀਆਂ ਹਨ, ਮੇਰਾ ਦਿਲ ਗਰਮਾ ਦਿੱਤਾ ਹੈ; ਪਰ ਜੋ ਮੈਂ ਚਾਹੁੰਦਾ ਹਾਂ ਉਹ ਤੁਸੀਂ ਮੈਨੂੰ ਕਦੀ ਵੀ ਨਹੀਂ ਦੇ ਸਕਦੀਆਂ ਹੋ। ਮੈਂ ਇਥੇ ਇੰਤਜ਼ਾਰ ਕਰਾਂਗਾ—ਇੰਤਜ਼ਾਰ ਕਰਾਂਗਾ ਮੌਤ ਤਕ। ਦੌੜ ਜਾਉ ਮੇਰੇ ਕੋਲੋਂ।"

ਉਸਨੇ ਆਪਣਾ ਚਿਹਰਾ ਹੱਥਾਂ ਨਾਲ ਕਜ ਲਿਆ ਅਤੇ ਉਹਨਾਂ ਦੀ ਕੋਈ ਗਲ ਨਾਂ ਸੁਣੀ ਅਤੇ ਜਦੋਂ ਉਸਨੇ ਉਪਰ ਵਲ ਤੱਕਿਆ, ਦੋ ਚਮਕਦੇ ਤਾਰੇ ਉਸ ਤੋਂ ਦੂਰ ਜਾਂਦੇ-ਜਾਂਦੇ ਗ਼ੈਬ ਹੋ ਗਏ।

ਫਿਰ ਲੰਬੀ, ਲੰਬੀ ਰਾਤ ਛਾ ਗਈ।

ਜੋ ਵੀ ਇਸ ਅੰਧਵਿਸ਼ਵਾਸ ਵਾਦੀ ਵਿਚੋਂ ਲੰਘਦਾ ਸੀ ਉਸਨੂੰ ਇਸ ਹਨੇਰੀ ਧਰਤੀ ਵਿਚੋਂ ਲੰਘਣਾ ਪੈਂਦਾ ਸੀ; ਪਰ ਕਈ ਆਦਮੀ ਕੁਝ ਦਿਨਾਂ ਵਿਚ, ਕੁਝ ਆਦਮੀ ਮਹੀਨੇ ਲੈ ਲੈਂਦੇ ਸਨ, ਕੁਝ ਕਈ ਸਾਲ ਅਤੇ ਕੁਝ ਇਥੇ ਹੀ ਮਰ ਖਪ ਜਾਂਦੇ ਸਨ।

ਆਖਰ ਵਿਚ ਸ਼ਿਕਾਰੀ ਨੂੰ ਬਹੁਤ ਦੂਰ ਇਕ ਧੁੰਦਲੀ ਰੌਸ਼ਨੀ ਖੇਡਦੀ ਹੋਈ ਦਿਖਾਈ ਦਿੱਤੀ ਅਤੇ ਉਹ ਉਠ ਪਿਆ ਉਸ ਵਲ ਜਾਣ ਲਈ। ਬੜੀ ਦੇਰ ਵਿਚ ਆਖਰ ਉਹ ਉਥੇ ਪਹੁੰਚ ਗਿਆ ਅਤੇ ਕੁਝ ਦੇਰ ਹੋਰ ਚਲਣ ਬਾਦ ਉਹ ਚਮਕਦੀ ਧੁੱਪ ਵਿਚ ਆ ਗਿਆ। ਸ਼ਿਕਾਰੀ ਅਗੇ ਵਲ ਨੂੰ ਚੱਲਦਾ ਗਿਆ¢ਫਿਰ ਉਸਨੂੰ ਕੁਝ ਦੂਰ ਬਹੁਤ ਵੱਡੇ ਅਤੇ ਉੱਚੇ ਪਰ ਖ਼ੁਸ਼ਕ ਪਿਆਸੇ ਪਹਾੜ ਦਿਖਾਈ ਦਿੱਤੇ। ਉਹਨਾਂ ਪਹਾੜਾਂ ਦੇ ਪੈਰਾਂ ਤੇ ਸਾਫ ਕੜਕਦੀ ਧੁੱਪ ਸੀ ਅਤੇ ਉਪਰ ਚੋਟੀਆਂ ਬਦਲਾਂ ਵਿਚ ਛਿਪੀਆਂ ਹੋਈਆਂ ਸਨ। ਪਹਾੜ ਦੇ ਪੈਰਾਂ ਤੋਂ ਉਪਰ ਵਲ ਜਾਣ ਲਈ ਕਈ ਰਸਤੇ ਸਨ। ਸ਼ਿਕਾਰੀ ਨੇ ਪ੍ਰਸੰਨਤਾ ਭਰੀ ਚੀਖ ਮਾਰੀ। ਉਸਨੇ ਸਿੱਧਾ ਰਸਤਾ ਚੁਣਿਆ ਅਤੇ ਉਪਰ ਚੜ੍ਹਨਾ ਸ਼ੁਰੂ ਕਰ ਦਿੱਤਾ। ਚਟਾਨਾਂ ਅਤੇ ਉੱਚੇ ਥਾਂਵਾਂ ਨੇ ਸ਼ਿਕਾਰੀ ਦੇ ਗੀਤਾਂ ਦੀ ਆਵਾਜ਼ ਵਿਚ ਆਪਣੀ ਆਵਾਜ਼ ਮਿਲਾ ਕੇ ਗੂੰਜ ਮਚਾ ਦਿੱਤੀ। ਸ਼ਿਕਾਰੀ ਨੂੰ ਚਿੜਾਈ ਅਤੇ ਰਸਤੇ ਬਹੁਤੇ ਔਖੇ ਨਾਂ ਲਗੇ। ਸੋਚਿਆ ਕੁਝ ਦਿਨਾਂ ਯਾ ਕੁਝ ਹਫ਼ਤਿਆਂ ਯਾ ਕੁਝ ਮਹੀਨਿਆਂ ਵਿਚ ਉਪਰ ਚੋਟੀ ਤੇ ਪਹੁੰਚ ਜਾਵਾਂਗਾ! ਸ਼ਿਕਾਰੀ ਸੋਚ

ਰਿਹਾ ਸੀ--ਸਿਰਫ ਇਕ ਖੰਭ ਹੀ ਨਹੀਂ ਉਹਦੇ ਹੱਥ ਲਗੇਗਾ ਅਤੇ ਬਿੰਨਾ ਜਾਲ ਦੇ ਬੁਣਿਆਂ ਹੀ ਉਹ ਪੂਰੀ ਸੱਚਾਈ ਨੂੰ ਪੱਕੀ ਤਰ੍ਹਾਂ ਪਕੜ ਲਵੇਗਾ, ਛੂਹ ਕੇ ਵੇਖਾਂਗਾ ਸੱਚਾਈ ਨੂੰ ਅਤੇ ਉਸ ਨਾਲ ਖੇਡਾਂਗਾ।

ਉਹ ਖ਼ੂਬਸੂਰਤ ਧੁੱਪ ਵਿਚ ਹੱਸਿਆ ਅਤੇ ਉਸਨੇ ਉੱਚੀ ਗੀਤ ਗਾਇਆ। ਜਿੱਤ ਉਹਦੇ ਨੇੜੇ ਸੀ। ਫਿਰ ਥੋੜ੍ਹੀ ਦੇਰ ਬਾਦ ਰਸਤਾ ਉੱਚਾ ਅਤੇ ਬੇਤੁਕਾ ਹੋ ਗਿਆ। ਉਹ ਸਾਹ ਭਰ-ਭਰ ਕੇ ਉਪਰ ਵਲ ਨੂੰ ਚੜਦਾ ਅਤੇ ਉਹਦੇ ਗੀਤ ਮਾਨੋਂ ਹੁਣ ਖਤਮ ਹੋ ਗਏ। ਸੱਜੇ ਅਤੇ ਖੱਬੇ ਬੜੀਆਂ ਉੱਚੀਆਂ ਚੱਟਾਨਾਂ ਸਨ ਜਿਸ ਵਿਚ ਕਈ ਦਰਾੜਾਂ ਨਹੀਂ ਸਨ। ਇਧਰ ਉਧਰ ਉਸਨੇ ਚਿਟੀਆਂ ਹੱਡੀਆਂ ਦੀ ਚਮਕ ਦੇਖੀ। ਹੁਣ ਰਸਤੇ ਉਪਰ ਨਿਸ਼ਾਨ ਮਿਲਣੇ ਵੀ ਬਹੁਤ ਘਟ ਹੋ ਗਏ। ਪੈਰਾਂ ਦੇ ਕਿਧਰੇ-ਕਿਧਰੇ ਬੇਮਲੂਮ ਨਿਸ਼ਾਨ ਮਿਲਦੇ ਅਤੇ ਫਿਰ ਅਗੇ ਜਾ ਕੇ ਉਹ ਵੀ ਮਿਲਣੇ ਬੰਦ ਹੋ ਗਏ। ਉਸ ਨੇ ਫਿਰ ਗੀਤ ਨਾਂ ਗਾਏ ਅਤੇ ਅਗੇ ਵੱਧਨ ਲਈ ਆਪ ਰਾਹ ਬਣਾਨਾ ਸ਼ੁਰੂ ਕਰ ਦਿੱਤਾ, ਬਣਾਂਦਾ ਹੀ ਚਲਾ ਗਿਆ ਉਹ ਲੱਗਾ ਰਿਹਾ ਲਗਾਤਾਰ। ਹੁਣ ਸਾਹਮਣੇ ਬੜੀ ਮਜ਼ਬੂਤ ਅਤੇ ਉੱਚੀ ਚਟਾਨ ਦੀ ਦੀਵਾਰ ਆ ਗਈ ਜਿਦੇ ਵਿਚ ਕਿਧਰੇ ਵੀ ਪਧਰਾ-ਪਨ ਜਿਥੋਂ ਤਕ ਅੱਖ ਦੇਖ ਸਕਦੀ ਸੀ, ਦਿਖਾਈ ਨਾ ਦਿੱਤਾ। ਬਹਾਦਰ ਸ਼ਿਕਾਰੀ ਮੰਨ ਵਿਚ ਬੋਲਿਆ, "ਮੈਂ ਇਕ ਲੰਬੀ ਪੌੜੀ ਚੱਟਾਨ ਨਾਲ ਲਗਾਵਾਂਗਾ। ਇਕ ਵਾਰੀ ਇਸ ਚੱਟਾਨ ਤੇ ਚੜ੍ਹ ਗਿਆ ਤਾਂ ਮੈਂ ਤਕਰੀਬਨ ਆਪਣੀ ਮੰਜ਼ਲ ਦੇ ਨੇੜੇ ਹੀ ਹੋਵਾਂਗਾ।"

ਉਹ ਕੰਮ ਕਰਦਾ ਰਿਹਾ। ਇਕ ਤਿੱਖਾ ਔਜ਼ਾਰ ਉਥੇ ਡਿਗਿਆ ਮਿਲਿਆ ਜੋ ਉਸ ਨੇ ਫਟ ਫੜ ਲਿਆ। ਸ਼ਿਕਾਰੀ ਨੇ ਪੌੜੀ ਤੇ ਚੜ੍ਹ ਕੇ ਚੱਟਾਨ ਵਿਚ ਔਜ਼ਾਰ ਨਾਲ ਖੱਡੇ ਪੁੱਟ-ਪੁੱਟ ਕੇ ਉਹਨਾਂ ਵਿਚ ਪੈਰ ਰੱਖ ਕੇ ਉਪਰ ਚੜ੍ਹਨਾ ਸ਼ੁਰੂ ਕਰ ਦਿੱਤਾ। ਬੜੀ ਵਾਰ ਉਹਦਾ ਪੈਰ ਤਿਲਕ ਕੇ ਥੱਲੇ ਵਲ ਖਿਸਕਦਾ ਰਿਹਾ ਪਰ ਉਸਨੇ ਪੌੜੀ ਨਾ ਛਡੀ। ਪੁੱਟੇ ਖੱਡਿਆ ਤੋਂ ਥੱਲੇ ਉਹ ਕਈ ਵਾਰ ਖਿਸਕਿਆ ਪਰ ਸ਼ਿਕਾਰੀ ਨੇ ਕੰਮ ਜਾਰੀ ਰੱਖਿਆ। ਆਪਣਾ ਆਪ ਨੂੰ ਹਮੇਸ਼ਾ ਕਹਿੰਦਾ ਰਿਹਾ, "ਇਕ ਵਾਰੀ ਇਹ ਵੱਡੀ ਚੱਟਾਨ ਚੜ੍ਹ ਗਿਆ ਤਾਂ ਸਮਝੋ ਕਿ ਮੈਂ ਮੰਜ਼ਲ ਕੋਲ ਹੋਵਾਂਗਾ। ਇਹ ਕੰਮ ਖਤਮ ਹੋਵੇ ਸਹੀ!"

ਆਖਰ ਨੂੰ ਉਹ ਉਪਰ ਪਹੁੰਚ ਗਿਆ ਅਤੇ ਆਲੇ ਦੁਆਲੇ ਉਸ ਨੇ ਝਾਤੀ ਮਾਰੀ। ਦੂਰ ਥੱਲੇ ਭਰਮ ਵਾਲੀ ਵਾਦੀ ਤੇ ਜੰਗਲੀ ਚਿਟੀ ਧੁੰਦ ਛਾਈ ਹੋਈ ਸੀ ਅਤੇ ਉਸਦੇ ਉਪਰ ਵਲ ਉੱਚੇ ਪਹਾੜਾਂ ਦੀ ਕਤਾਰ ਸੀ। ਉਹਨਾਂ ਪਹਾੜ ਦੀ ਉਚਾਈ ਬੇਹੱਦ ਉੱਚੀ ਸੀ। ਮੁਸ਼ਕਲਾਂ ਖਤਮ ਹੋਣ ਦਾ ਸਾਹ ਨਹੀਂ ਲੈਦੀਆਂ ਸਨ। ਪਹਾੜ ਦੇ ਪੈਰਾਂ ਤੋਂ ਹੀ ਚੱਟਾਨਾਂ ਸ਼ੁਰੂ ਹੋ ਜਾਦੀਆਂ ਸਨ ਅਤੇ ਪਹਾੜ ਘੁੰਮਨ ਘੇਰੀਆਂ ਖਾਂਦਾ ਉਪਰ ਵਲ ਨੂੰ ਜਾ ਰਿਹਾ ਸੀ। ਮੰਜ਼ਲ ਦਰ ਮੰਜ਼ਲ ਥੋੜ੍ਹੇ ਪਰ ਨਾ ਖਤਮ ਵਾਲੇ ਪਧਰੇ ਗੋਲ-ਗੋਲ ਰਾਹ ਵੀ ਸਨ ਅਤੇ ਇਹਨਾਂ ਪਧਰੇ ਰਾਹਾਂ ਤੋਂ ਬੜੀ ਜਲਦੀ ਪਹਾੜ ਦੀਆਂ ਉਚੀਆਂ ਚਿੜਾਈਆਂ ਸ਼ੁਰੂ ਹੋ ਜਾਦੀਆਂ ਸਨ। ਉਹਨਾਂ ਉਪਰ ਅਜਲ ਤੋਂ ਪੈ ਰਹੀ ਸੀ ਸੋਹਣੀ ਚਮਕਦੀ ਧੁੱਪ। ਸ਼ਿਕਾਰੀ ਨੇ ਉੱਚੀ ਜੰਗਲੀ ਜਾਨਵਰਾਂ ਵਰਗੋਂ ਚੀਖ ਮਾਰੀ। ਉਸਨੇ ਉਹਨਾਂ ਰਾਹਾਂ ਨੂੰ ਝੁਕ ਕੇ ਮੱਥਾ ਟੇਕਿਆ ਅਤੇ ਜਦੋਂ ਉਠਿਆ ਤਾਂ ਉਹਦਾ ਚੇਹਰਾ ਚਿਟਾ ਪੈ ਚੁਕਾ ਸੀ। ਉਹ ਪੂਰੀ ਤਰ੍ਹਾਂ ਦੀ ਚੁੱਪ ਵਿਚ ਅਗੇ ਵੱਧਿਆ। ਉਹ ਹੁਣ ਬਹੁਤ ਚੁੱਪ ਹੋ ਗਿਆ ਸੀ। ਉਹਨਾਂ ਉੱਚੀਆਂ ਜਗਾ ਤੇ ਹਵਾ ਬੜੀ ਪਤਲੀ ਸੀ ਅਤੇ ਉਹਦੇ ਲਈ ਸਾਹ ਲੈਣਾ ਬੜਾ ਔਖਾ ਸੀ। ਇਕ-ਇਕ ਸਾਹ ਉਸ ਲਈ ਦੁਖਦਾਈ ਸੀ ਅਤੇ ਉਹਦੀਆਂ ਉਂਗਲਾਂ ਦੇ ਸਿਰਾ ਤੋਂ ਖ਼ੂਨ ਨਿਕਲਣ ਲੱਗ ਪਿਆ। ਅਗਲੀ ਚੱਟਾਨ ਦੀ ਉਚਾਈ ਬੇਹੱਦ ਉੱਚੀ ਸੀ ਪਰ ਉਸ ਨੇ ਕੁਝ ਨਾ ਕਿਹਾ ਅਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਔਜ਼ਾਰਾਂ ਦੀ ਆਵਾਜ਼ ਦਿਨ ਰਾਤ ਲੋਹੇ ਵਰਗੀਆਂ ਚੱਟਾਨਾਂ ਤੇ ਵਜਣ ਦੀ ਆਉਂਦੀ ਰਹੀ ਅਤੇ ਉਹ ਚੱਟਾਨਾਂ ਵਿਚ ਖੱਡੇ ਬਣਾਂਦਾ ਰਿਹਾ। ਕਈ ਸਾਲ ਬੀਤਦੇ ਗਏ ਫਿਰ ਵੀ ਉਹ ਕੰਮ ਕਰਦਾ ਰਿਹਾ। ਉਹਦੇ ਸਾਹਮਣੇ ਚੱਟਾਨ ਖਤਮ ਹੋਣ ਦਾ ਨਾਮ ਨਾਂ ਲੈਂਦੀ। ਕਈ ਵਾਰ ਉਹ ਅਰਦਾਸ ਕਰਦਾ ਕਿ ਇਹਨਾਂ ਚੱਟਾਨਾਂ ਵਿਚੋਂ ਪਧਰੀ ਥੋੜ੍ਹੀ ਜਗਾ ਨਿਕਲ ਆਵੇ ਜਿਥੇ ਉਹ ਬੈਠ ਕੇ ਦਮ ਲੈ ਸਕੇ ਪਰ ਇਹ ਕਦੀ ਨਾਂ ਹੋਇਆ ਅਤੇ ਕਈ ਵਰ੍ਹੇ ਬੀਤਦੇ ਗਏ। ਉਸਨੇ ਕੱਡੇ ਹੋਏ ਖੱਡਿਆਂ ਮੁਤਾਬਿਕ ਵਰ੍ਹਿਆਂ ਦੀ ਗਿਣਤੀ ਯਾਦ ਰੱਖੀ; ਹਰ ਸਾਲ ਥੋੜੇ ਹੀ ਖੱਡੇ ਕੱਢਣ ਹੁੰਦੇ। ਕੋਈ ਗੀਤ ਨਾਂ ਗਾਇਆ ਉਸ ਨੇ। ਸ਼ਿਕਾਰੀ ਨੇ ਕਿੰਨਾ ਕੰਮ ਰਹਿ ਗਿਆ ਹੋਵੇਗਾ ਦਾ ਅੰਦਾਜ਼ਾ ਲਾਣਾ ਬੰਦ ਕਰ ਦਿੱਤਾ। ਉਸ ਨੇ ਕਿਹਾ, "ਮੈਂ ਯਾ ਇਹ ਕੰਮ ਕਰਾਂਗਾ ਯਾ ਮਰ ਜਾਵਾਂਗਾ। ਉਹ ਸਿਰਫ ਕੰਮ ਕਰਦਾ ਅਤੇ ਰਾਤ ਨੂੰ ਜਦੋਂ ਸੂਰਜ ਅਸਤ ਹੋ ਜਾਂਦਾ ਤਾਂ ਚੱਟਾਨਾਂ ਦੀਆਂ ਮੋਰੀਆਂ ਅਤੇ ਦਰਾੜਾਂ ਵਿਚੋਂ ਉਸਨੂੰ ਕਈ ਅਜੀਬ ਜੰਗਲੀ ਬਿੱਛੂਆਂ ਅਤੇ ਕੀੜਿਆਂ ਦੇ ਚੇਹਰੇ ਨਜ਼ਰ ਆਉਂਦੇ।"

ਉਹ ਕਹਿੰਦੇ,""ਕੰਮ ਬੰਦ ਕਰ ਉਹ ਬੁੱਢੇ ਅਤੇ ਇਕੱਲੇ ਬੰਦੇ ਅਤੇ ਸਾਡੇ ਨਾਲ ਗੱਲਾਂ ਕਰ।"

ਉਸ ਨੇ ਕਿਹਾ, "ਕੰਮ ਕਰਨਾ ਹੀ ਮੇਰੀ ਜ਼ਿੰਦਗੀ ਹੈ, ਜੇ ਮੈਂ ਇਕ ਪਲ ਲਈ ਕੰਮ ਕਰਨਾ ਬੰਦ ਕਰ ਦਿਆਂ ਤਾਂ ਤੁਸੀਂ ਮੇਰੇ ਉਪਰ ਲਪਟ ਕੇ ਮੈਨੂੰ ਖਾ ਜਾਓਗੇ। ਇਹ ਸੁਣ ਕੇ ਉਹ ਅਜੀਬ ਜਾਨਵਰ ਆਪਣੀਆਂ ਧੌਣਾਂ ਅੰਦਰ ਚੱਟਾਨ ਵਿਚ ਵਾੜ ਲੈਂਦੇ।"

ਇਹ ਜਾਨਵਰ ਸ਼ਿਕਾਰੀ ਨੂੰ ਕਹਿੰਦੇ,""ਆਪਣੇ ਪੈਰਾਂ ਥੱਲੇ ਦਰਾੜ ਵਲ ਦੇਖ ਤੂੰ। ਚਿੱਟੀਆਂ ਹੱਡੀਆਂ ਇਨਸਾਨਾਂ ਦੀਆਂ ਥੱਲੇ ਪਈਆਂ ਤੈਨੂੰ ਨਹੀਂ ਦਿਸਦੀਆਂ?"

ਜਾਨਵਰਾਂ ਨੇ ਕਿਹਾ, "ਕੀ ਤੈਨੂੰ ਪਤਾ ਹੈ ਤੇਰੇ ਸਿਰ ਦੇ ਵਾਲ ਸਭ ਚਿਟੇ ਹੋ ਗਏ ਹਨ? ਤੇਰੇ ਹੱਥ ਬਚਿਆਂ ਵਾਂਗੂ ਕੰਬਦੇ ਹਨ? ਤੈਨੂੰ ਪਤਾ ਹੈ ਤੇਰੇ ਖੱਡੇ ਬਣਾਣ ਵਾਲੇ ਔਜ਼ਾਰ ਖੁੰਡੇ, ਝੜ ਅਤੇ ਫਟ ਗਏ ਹਨ। ਜੇ ਤੂੰ ਇਸ ਪੌੜੀ ਤੇ ਕਦੀ ਚੜ੍ਹਨ ਦੀ ਗਲਤੀ ਕੀਤੀ ਤਾਂ ਇਹ ਤੇਰਾ ਆਖਰੀ ਚੜਨ ਦਾ ਡੰਡਾ ਹੋਵੇਗਾ ਉਸ ਤੋਂ ਅਗਲੇ ਡੰਡੇ ਤੇ ਸਿਰਫ ਤੇਰੀ ਅਵਸ਼ ਮੌਤ ਹੈ।"

ਸ਼ਿਕਾਰੀ ਨੇ ਕਿਹਾ, "ਹਾਂ, ਮੈਨੂੰ ਪਤਾ ਹੈ। ਉਸ ਨੇ ਕੰਮ ਜਾਰੀ ਰੱਖਿਆ।"

ਉਹ ਜ਼ਬਰਦਸਤ ਆਵਾਜ਼ ਵਿਚ ਹੱਸਿਆ। ਫਿਰ ਉਹ ਜਾਨਵਰਾਂ ਨੇ ਧੌਣਾਂ ਬਾਹਰ ਵਲ ਕਦੀ ਨਾਂ ਲਿਆਦੀਆਂ ਅਤੇ ਸ਼ਿਕਾਰੀ ਵਲ ਤੱਕਣ ਦਾ ਸਾਹਸ ਨਾਂ ਕੀਤਾ। ਬਹਾਦੁਰ ਅਤੇ ਪਕੇ ਇਰਾਦੇ ਵਾਲੇ ਬੰਦੇ ਦਾ ਹਾਸਾ ਇਹਨਾਂ ਡਰਾਕਲ ਜਾਨਵਰਾਂ ਲਈ ਮੌਤ ਸੀ।

ਅਖੀਰ ਨੂੰ ਬੁੱਢੇ ਸ਼ਿਕਾਰੀ ਦੇ ਪਤਲੇ ਹੱਥ ਪੱਥਰਾਂ ਨੂੰ ਬੇਤੁਕੇ ਢੰਗ ਨਾਲ ਕੱਟਦੇ। ਉਂਗਲਾਂ ਸਖ਼ਤ ਅਤੇ ਮੁੜ ਗਈਆਂ ਸਨ।

ਬੁੱਢੇ ਸ਼ਿਕਾਰੀ ਦੇ ਚੇਹਰੇ ਤੇ ਚਿੰਤਨ ਦੇ ਨਿਸ਼ਾਨ ਦਿਖਾਈ ਦਿੰਦੇ ਅਤੇ ਚੇਹਰਾ ਚਿਪਕ ਗਿਆ ਸੀ। ਸ਼ਿਕਾਰੀ ਨੇ ਉਪਰ ਚੱਟਾਨ ਵਲ ਨੂੰ ਦੇਖਿਆ। ਉਸ ਨੇ ਦੇਖੇ ਆਦਿ ਤੋਂ ਬਣੇ ਉੱਚੇ ਪਹਾੜ ਜਿੰਨਾਂ ਦੀਆਂ ਸਿੱਧੀਆਂ ਸਿਖਰਾਂ ਚਿੱਟੇ ਬਦਲਾਂ ਵਿਚ ਸਨ। ਪਰ ਉਹਦਾ ਸਰੀਰ ਕੰਮ ਦਾ ਕਸ਼ਟ ਸਹਿ-ਸਹਿ ਕੇ ਥੱਕ ਟੁੱਟ ਚੁੱਕਿਆ ਸੀ।

ਬੁੱਢੇ ਸ਼ਿਕਾਰੀ ਨੇ ਆਪਣੇ ਥੱਕੇ ਹੋਏ ਹੱਥ ਜੋੜੇ ਅਤੇ ਇਸ ਸੰਕਟ ਹਾਲਤ ਵਿਚ ਲੇਟ ਗਿਆ। ਉਹਨੇ ਸਾਰੀ ਉਮਰ ਤੱਕ ਕੰਮ ਕੀਤਾ ਸੀ। ਅਖੀਰ ਵਿਚ

ਮੌਤ ਦਾ ਵਕਤ ਆ ਗਿਆ। ਥੱਲੇ ਵਾਦੀਆਂ ਵਿਚ ਸੰਘਣੀ ਚਿੱਟੀ ਧੁੰਦ ਅਤੇ ਕੋਹਰਾ ਪਿਆ ਹੋਇਆ ਸੀ। ਇਸ ਭੈੜੀ ਹਾਲਤ ਵਿਚ ਸ਼ਿਕਾਰੀ ਨੇ ਮਰ ਰਹੀਆਂ ਅੱਖਾਂ ਨਾਲ ਥੱਲੇ ਦਰਖ਼ਤ ਅਤੇ ਖੇਤ ਜਿੰਨਾਂ ਵਿਚ ਉਸਨੇ ਬਚਪਨ ਵਿਚ ਖੇਡਿਆ ਸੀ ਵਲ ਨੂੰ ਦੇਖਿਆ। ਦੂਰੋਂ ਉਸ ਨੂੰ ਆਪਣੀ ਵਾਦੀ ਦੇ ਪੰਛੀਆਂ ਦੀ ਆਵਾਜ਼ ਅਤੇ ਆਪਣੇ ਲੋਕਾਂ ਦੇ ਨੱਚਣ ਦਾ ਅਤੇ ਗਾਉਣ ਦੀਆ ਮਿੱਠੀਆਂ ਆਵਾਜ਼ਾਂ ਦਾ ਰੌਲਾ ਸੁਣਿਆ। ਉਸ ਵਿਚ ਉਹਨੇ ਆਪਣੇ ਪੁਰਾਣੇ ਯਾਰਾਂ ਦੀ ਆਵਾਜ਼ ਵੀ ਸੁਣੀ; ਅਤੇ ਆਪਣੇ ਪੁਰਾਣੇ ਘਰ ਉਪਰ ਧੁੱਪ ਪੈ ਰਹੀ ਵੀ ਦੇਖੀ। ਉਸ ਦੀਆਂ ਅੱਖਾਂ ਮੋਟੇ ਅੱਥਰੂਆਂ ਨਾਲ ਭਰ ਗਈਆਂ।

ਉਹ ਚੀਕਿਆ, "ਜੋ ਲੋਕ ਮੇਰੇ ਦੂਰ ਦਿਸ ਰਹੇ ਪਿੰਡ ਵਿਚ ਮਰਦੇ ਹਨ ਇਕੱਲੇ ਤਾਂ ਨਹੀਂ ਮਰਦੇ। ਮਰਨਾ ਸੌਖਾ ਹੋ ਜਾਂਦਾ ਹੈ ਜਦੋਂ ਕੋਈ ਹਮਦਰਦ ਸਾਹਮਣੇ ਦਿਸ ਰਿਹਾ ਹੋਵੇ। ਫਿਰ ਧੁੰਦ ਅਤੇ ਕੋਹਰਾ ਛਾ ਗਏ। ਉਸਨੇ ਅੱਖਾਂ ਪਰਾਂ ਮੋੜ ਲਈਆਂ।"

ਉਸ ਨੇ ਕਿਹਾ, "ਮੈਂ ਉਸਨੂੰ ਹਮੇਸ਼ਾ ਚਾਹਿਆ ਹੈ; ਮੈਂ ਕਈ ਸਾਲਾਂ ਤੋਂ ਮੁਸ਼ੱਕਤ ਕਰ ਰਿਹਾ ਹਾਂ; ਪਰ ਮੈਂ ਉਸਨੂੰ ਲੱਭ ਨਹੀਂ ਸਕਿਆ। ਮੈਂ ਆਰਾਮ ਨਹੀਂ ਕੀਤਾ, ਮੈਂ ਵਿਰਲਾਪ ਨਹੀਂ ਕੀਤਾ ਪ੍ਰੰਤੂ ਮੈਂ ਉਸਦੀ ਸਿਰਫ ਦੋ ਵਾਰੀ ਝਲਕ ਹੀ ਦੇਖੀ ਹੈ। ਮੇਰੇ ਵਿਚ ਹੁਣ ਤਾਕਤ ਨਹੀਂ ਰਹੀ। ਜਿਥੇ ਮੈਂ ਥੱਕਿਆ ਹੋਇਆ ਲੰਬਾ ਪੈ ਗਿਆ ਹਾਂ ਉਥੇ ਮੇਰੇ ਤੋਂ ਬਾਦ ਵਿਚ ਆਣ ਵਾਲੇ ਬੰਦੇ ਖਲੋਣਗੇ। ਚਟਾਨਾਂ ਵਿਚ ਜਿਹੜੇ ਮੈਂ ਖੱਡੇ ਪੁੱਟ ਕੇ ਪੌੜੀਆਂ ਬਣਾਈਆਂ ਹਨ ਇਹਨਾਂ ਨੂੰ ਉਹ ਉਪਰ ਜਾਣ ਲਈ ਵਰਤਨਗੇ। ਉਹਨਾਂ ਨੂੰ ਉਹ ਬੰਦੇ ਦੇ ਨਾਮ ਦਾ ਕਦੀ ਵੀ ਪਤਾ ਨਹੀਂ ਹੋਵੇਗਾ ਜਿਸ ਨੇ ਇਹ ਸੀੜੀਆਂ ਬਣਾਈਆਂ ਹਨ। ਮੇਰੇ ਇਸ ਬੇਤੁਕੇ ਕੰਮ ਤੇ ਉਹ ਹੱਸਣਗੇ; ਜਦੋਂ ਪੱਥਰ ਥੱਲੇ ਨੂੰ ਖਿਸਕਣਗੇ ਤਾਂ ਉਹ ਮੈਨੂੰ ਕੋਸਣਗੇ ਕਹਿਣਗੇ ਐਸਾ ਬੇਢੰਗਾ ਕੰਮ ਕਿਸੇ ਨੇ ਕੀਤਾ ਹੋਇਆ ਹੈ। ਪ੍ਰੰਤੂ ਉਹ ਮੇਰੇ ਬਣਾਏ ਹੋਏ ਕੰਮ ਨੂੰ ਵਰਤਨਗੇ; ਮੇਰੀਆਂ ਬਣਾਈਆਂ ਪੌੜੀਆਂ ਤੇ ਉਪਰ ਨੂੰ ਚੜਨਗੇ ! ਉਹ ਸੱਚਾਈ ਨੂੰ ਲੱਭ ਲੈਣਗੇ ਮੇਰੇ ਵਸੀਲੇ ਰਾਹੀਂ ! ਅਤੇ ਕੋਈ ਆਦਮੀ ਆਪਣੇ ਲਈ ਨਾਂ ਜੀਉਂਦਾ ਹੈ ਨਾਂ ਆਪਣੇ ਲਈ ਮਰਦਾ ਹੈ।"

ਉਸਦੇ ਅਥਰੂ ਅੱਖਾਂ ਤੋਂ ਨੀਚੇ ਪਈਆਂ ਝੁਰੜੀਆਂ ਤੋਂ ਵਗ ਪਏ। ਜੇ ਹੁਣ ਸੱਚਾਈ ਉਪਰ ਬਦਲਾਂ ਤੇ ਆ ਵੀ ਜਾਵੇ, ਉਹ ਦੇਖ ਨਹੀਂ ਸਕਦਾ ਸੀ; ਮੌਤ ਦੀ ਧੁੰਦ ਉਹਦੀਆਂ ਅੱਖਾਂ ਵਿਚ ਆ ਚੁਕੀ ਸੀ। ਸ਼ਿਕਾਰੀ ਮੰਨ ਵਿਚ ਕਹਿ ਰਿਹਾ ਸੀ, "ਅੱਖਾਂ ਤੜਫਦੀਆਂ ਰਹਿ ਗਈਆਂ, ਮੈਂ ਜਾਨ ਗੁਆ ਲਈ ਹੈ, ਮੇਰੀਆਂ ਦੁਆਵਾਂ ਨਾ-ਕਾਮਯਾਬ ਹੋਈਆਂ, ਬੜੀ ਦੇਰ ਮੈਂ ਲੱਗਾ ਦਿੱਤੀ, ਸੱਚਾਈ ਤਕ ਮੈਂ ਨਾ ਪਹੁੰਚ ਸਕਿਆ; ਐਹ ਮੌਤ ! ਤੈਨੂੰ ਕਸਮ ਠਹਿਰ ਜਾ ਮੈਂ ਕਿਸੇ ਦੀ ਸੂਰਤ ਦੇਖ ਲਵਾਂ। ਸੋਹਣਾ ਚਿੱਟਾ ਰੰਗ ਅਤੇ ਉਸਨੂੰ ਮਿਲਣ ਦੀ ਚਾਹ ਮੈਨੂੰ ਯਾਦ ਰਹੇਗੀ। ਮੈਂ ਤੇ ਪਰੀਤ ਨਿਭਾਈ ਹੈ ਪਰ ਫਿਰ ਵੀ ਉਸ ਨੂੰ ਮਿਲ ਨਹੀਂ ਸਕਿਆ ਹਾਂ।

ਉਹਨੇ ਕਿਹਾ, "ਨੌਜਵਾਨ ਜੋ ਮੇਰੇ ਬਾਦ ਆਉਣਗੇ ਉਹਨਾਂ ਦੇ ਕਦਮਾਂ ਦੀ ਆਵਾਜ਼ ਮੇਰੀ ਰੂਹ ਸੁਣ ਕੇ ਖੁਸ਼ ਹੋਵੇਗੀ, ਉਤੇ ਉਹ ਚੜ੍ਹ ਜਾਣਗੇ ! ਉਹ ਚੜ੍ਹ ਜਾਣਗੇ ! ਉਸਨੇ ਆਪਣਾ ਝੁਰੜੀਆਂ ਵਾਲਾ ਹੱਥ ਆਪਣੀਆਂ ਅੱਖਾਂ ਵੱਲ ਚੁਕਿਆ।"

ਫਿਰ ਉਪਰ ਚਿਟੇ ਆਕਾਸ਼ ਤੋਂ ਬੜੀ ਹੌਲੀ-ਹੌਲੀ, ਖਲੋਤੀ ਹਵਾ ਵਿਚੋਂ ਕੋਈ ਚੀਜ਼ ਗਿਰਦੀ, ਗਿਰਦੀ, ਗਿਰਦੀ ਫੜਫੜਾਈ ਅਤੇ ਮਰ ਰਹੇ ਸ਼ਿਕਾਰੀ ਦੀ ਛਾਤੀ ਤੇ ਪੋਲੇ-ਪੋਲੇ ਡਿਗੀ। ਉਸਨੇ ਆਪਣੇ ਹੱਥਾਂ ਨਾਲ ਉਸਨੂੰ ਮਹਿਸੂਸ ਕੀਤਾ। ਇਹ ਇਕ ਚਿਟਾ ਖੰਭ ਸੀ। ਉਸਨੂੰ ਫੜ ਕੇ ਮਰ ਗਿਆ।

ਉਸ ਦੀ ਰੂਹ ਉਸਦੇ ਸਰੀਰ ਕੋਲ ਬੈਠੀ ਕਹਿ ਰਹੀ ਸੀ ਉ ਮੇਰੇ ਬਹਾਦੁਰ ਕੋਈ ਗਲ ਨਹੀਂ ਤੂੰ ਜੀਂਦੇ ਜੀਅ ਉਸ ਨੂੰ ਨਹੀਂ ਪਾ ਸਕਿਆ ਪਰ ਮੈਨੂੰ ਤੇ ਕੋਈ ਰੋਕ ਨਹੀਂ ਹੈ; ਮੈਂ ਤੇ ਪਲਾਂ ਵਿਚ ਪਹੁੰਚ ਸਕਦੀ ਹਾਂ। ਇਹ ਕਹਿੰਦੀ ਹੋਈ ਉਹ ਸੱਚਾਈ ਤਕ ਉਡ ਗਈ ਅਤੇ ਉਸ ਤੋਂ ਵੀ ਪਾਰ ਸੱਚਾਈਆਂ ਦੀ ਸੱਚਾਈ (Truth of Truths) ਤਕ ਜਾ ਕੇ ਉਹਦੇ ਵਿਚ ਮਿਲ ਗਈ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# GRANT OF MERIT, MERIT-CUM MEANS SCHOLARSHIP SCHEME 2017-2018

ਲੁਬਾਣਾ ਸੇਵਕ ਦੇ ਪਾਠਕਾਂ ਨੂੰ ਇਹ ਜਾਨ ਕੇ ਖੁਸ਼ੀ ਹੋਵੇਗੀ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਵੱਲੋਂ ਮੈਰਿਟ, ਮੈਰਿਟ-ਕਮ-ਮੀਨਜ ਸ਼ਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੀ ਸਹੂਲਤ ਦਿੱਤੀ ਜਾਂਦੀ ਹੈ। ਹੋਣਹਾਰ ਤੇ ਲੋੜਵੰਦ ਵਿਦਿਆਰਥੀਆਂ ਲਈ ਫਾਊਂਡੇਸ਼ਨ ਵੱਲੋਂ ਇਹ ਬਹੁਤ ਵੱਡੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਸਾਲ 2016-17 ਵਿਚ ਭਿੰਨ-ਭਿੰਨ ਸ਼੍ਰੇਣੀਆਂ ਦੇ ਵਿਦਿਆਰਥੀਆਂ ਤੋਂ ਫਾਰਮ ਪ੍ਰਾਪਤ ਹੋਏ ਅਤੇ ਇਹਨਾਂ ਫਾਰਮਾਂ ਦੇ ਅਧਾਰ ਤੇ ਵਿਦਿਆਰਥੀਆਂ ਨੂੰ ਵਜ਼ੀਫੇ ਵੰਡ ਦਿੱਤੇ ਗਏ। ਸਾਲ 2017-18, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਲੋਂ ਮੈਰਿਟ, ਮੈਰਿਟ-ਕਮ-ਮੀਨਜ ਸਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੇਣ ਲਈ ਫਾਰਮ ਮੰਗੇ ਜਾ ਰਹੇ ਹਨ। ਵਿਦਿਆਰਥੀ ਵਜ਼ੀਫੇ ਲਈ ਫਾਰਮ ਭਰ ਕੇ 30 ਸਤੰਬਰ 2017 ਤੱਕ ਮੈਨੇਜਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਨੂੰ ਭੇਜ ਦੇਣ। ਇਸ ਸਕੀਮ ਹੇਠਾਂ ਦਿੱਤੇ ਜਾਣ ਵਾਲੇ ਭਿੰਨ-ਭਿੰਨ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਸਾਲ 2017-18 ਦੌਰਾਨ ਦਿੱਤੇ ਜਾਣ ਵਾਲੇ ਮੈਰਿਟ-ਕਮ-ਮੀਨਜ ਸਕਾਲਰਸ਼ਿਪ ਸਕੀਮ ਲਈ ਫਾਰਮ ਲੁਬਾਣਾ ਸੇਵਕ ਵਿਚ ਛਾਪੇ ਜਾ ਰਹੇ ਹਨ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮਿਤੀ-19-05-2017 ਨੂੰ ਹੋਈ ਕਾਰਜਕਾਰਨੀ ਕਮੇਟੀ ਵਿਚ ਪ੍ਰਧਾਨ ਜੀ ਨੂੰ ਕਮੇਟੀਆਂ ਗਠਨ ਕਰਨ ਦੇ ਅਧਿਕਾਰ ਦਿੱਤੇ ਗਏ ਸਨ। ਕਾਰਜਕਾਰਨੀ ਕਮੇਟੀ ਦੇ ਅਧਿਕਾਰ ਮੁਤਾਬਿਕ ਪ੍ਰਧਾਨ ਜੀ ਨੇ ਨਵੀਂ ਸਕਾਲਰਸ਼ਿਪ ਕਮੇਟੀ ਦਾ ਗਠਨ ਕੀਤਾ। ਮਿਤੀ-30-05-2017 ਨੂੰ ਸਕਾਲਰਸ਼ਿਪ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਸਕਾਲਰਸ਼ਿਪ ਨਿਯਮ, ਸਕਾਲਰਸ਼ਿਪ ਦੀ ਗਿਣਤੀ ਵਿਚ ਵਾਧਾ, ਸਕਾਲਰਸ਼ਿਪ ਰਕਮ ਵਿਚ ਵਾਧਾ ਅਤੇ ਹੋਰ ਸੋਧਾਂ ਕੀਤੀਆਂ ਗਈਆਂ। ਇਹ ਸਭ ਸੋਧਾਂ ਮਿਤੀ-04-06-2017 ਨੂੰ ਹੋਈ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਰੱਖੀਆਂ ਗਈਆਂ ਅਤੇ ਕੁਝ ਚਰਚਾ ਉਪਰੰਤ ਹਾਜ਼ਰ ਮੈਂਬਰਾਂ ਵਲੋਂ ਵਰਕਿੰਗ ਕਮੇਟੀ ਵਿਚ ਪਾਸ ਕੀਤੀਆਂ ਗਈਆ, ਜੋ ਇਸ ਪ੍ਰਕਾਰ ਹਨ :-

**ਸਕਾਲਰਸ਼ਿਪ ਨਿਯਮ :-**

1. ਸਕਾਲਰਸ਼ਿਪ ਨੌਵੀਂ ਜਮਾਤ ਤੋਂ ਦਿੱਤੇ ਜਾਣਗੇ ਜਿਸ ਵਿਚ ਅੱਠਵੀਂ ਜਮਾਤ ਦਾ ਬੋਰਡ ਸਰਟੀਫਿਕੇਟ ਜ਼ਰੂਰੀ ਹੋਵੇਗਾ।
2. ਵਿਦਿਆਰਥੀਆਂ ਦੇ ਪਾਸ ਅੰਕ 65% ਤੋਂ 75% ਕਰ ਦਿੱਤੇ ਗਏ ਹਨ। Rural ਵਿਦਿਆਰਥੀਆਂ ਲਈ 70% ਪਾਸ ਅੰਕ ਅਤੇ Urban ਵਿਦਿਆਰਥੀਆਂ ਲਈ 75% ਅੰਕ ਹੋਣੇ ਚਾਹੀਦੇ ਹਨ।
3. ਵਿਦਿਆਰਥੀਆਂ ਦੇ ਮਾਤਾ-ਪਿਤਾ ਦੀ ਸਲਾਨਾ ਆਮਦਨ 2.50 ਲੱਖ ਰੁਪਏ 3.00 ਲੱਖ ਕੀਤੀ ਗਈ ਹੈ।
4. ਸਕਾਲਰਸ਼ਿਪ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ ਜਿਵੇਂ ਕਿ Category D ਵਿਚ ਪਹਿਲਾ 5 ਵਿਦਆਰਥੀਆਂ ਨੂੰ ਸਕਾਲਰਸ਼ਿਪ ਦਿੱਤੇ ਜਾਂਦੇ ਸੀ ਹੁਣ 10 ਸਕਾਲਰਸ਼ਿਪ ਕਰ ਦਿੱਤੇ ਗਏ ਹਨ ਅਤੇ Category F ਵਿਚ 1 ਸਕਾਲਰਸ਼ਿਪ ਸੀ, ਜਿਸ ਦੀ ਗਿਣਤੀ 5 ਕਰ ਦਿੱਤੀ ਗਈ ਹੈ।
5. ਸਕਾਲਰਸ਼ਿਪ ਰਕਮ ਵਿਚ ਵੀ ਵਾਧਾ ਕੀਤਾ ਗਿਆ ਹੈ ਜਿਵੇਂ ਕਿ Category A ਵਿਚ 300 ਰੁਪਏ ਪ੍ਰਤੀ ਵਿਦਿਆਰਥੀ ਨੂੰ ਸਕਾਲਰਸ਼ਿਪ ਦਿੱਤਾ ਜਾਂਦਾ ਸੀ ਹੁਣ 500 ਰੁਪਏ ਪ੍ਰਤੀ ਵਿਦਿਆਰਥੀ ਕੀਤਾ ਗਿਆ ਹੈ ।

   Category B ਅਤੇ C ਵਿਚ 400 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿੱਤੇ ਗਏ ਹਨ।

   Category D ਵਿਚ 500 ਰੁਪਏ ਤੋਂ ਵਧਾ ਕੇ 1000 ਰੁਪਏ ਕਰ ਦਿੱਤੇ ਗਏ ਹਨ। Category E ਵਿਚ 1000 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤੇ ਗਏ ਹਨ।
6. ਸਕਾਲਰਸ਼ਿਪ ਪਾਲਿਸੀ ਵਿਚੋਂ ਮੈਨੇਜਮੈਂਟ ਕੋਟੇ ਨੂੰ ਖਤਮ ਕਰ ਦਿੱਤਾ ਗਿਆ ਹੈ।
7. ਵਿਦਿਆਰਥੀਆਂ ਦੇ ਸਕਾਲਰਸ਼ਿਪ ਫਾਰਮ ਆਪਣੇ ਜ਼ਿਲ੍ਹੇ ਦੇ ਰਿਜ਼ਨਲ ਪ੍ਰਧਾਨ (ਫਾਊਂਡੇਸ਼ਨ) ਵਲੋਂ ਤਸਦੀਕ ਹੋ ਕੇ ਆਉਣੇ ਚਾਹੀਦੇ ਹਨ।
8. ਇਕ ਘਰ ਵਿਚ ਇਕ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ਅਤੇ ਦੂਜੇ ਬੱਚੇ ਦੇ ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਫੈਸਲਾ ਲਵੇਗੀ।

# ਕਾਵਿ-ਕਿਆਰੀ

## ਪੰਜਾਬੀ ਦੇ ਪਰ ਕੁਤਰ ਨਾ

ਬੇਕਿਰਕ ਹੋ ਪੱਤੀ ਪੱਤੀ ਕੀਤੇ, ਕੂਟਨੀਤਕ ਨੀਤੀ ਦੁਆਰਾ।
ਸੁਗੰਧ ਵਿਹੂਣੇ ਫੁੱਲ ਗੁਲਾਬ, ਪੰਜਾਬ ਦਿਆ ਸਮਕਾਲੀ ਹਾਕਮ ਸਰਦਾਰਾ।



ਨਿੱਤ ਨਵੇਂ ਦਿਨ, ਮਾਂ-ਬੋਲੀ ਰਾਜ-ਭਾਸ਼ਾ ਪੰਜਾਬੀ ਦੇ,
ਖਾਹ ਮਖਾਹ ਪਰ ਕੁਤਰ ਕੇ, ਬਣਦਾ ਜਾ ਨਾ ਦੁਪਰਿਆਰਾ।
ਵੇਖੀਂ ਕਿਧਰੇ ਪਾ ਨਾ ਬੈਠੀਂ, ਨਵਾਂ ਪੁਆੜਾ ਨਵਾਂ ਖਲਾਰਾ,
ਪੰਜਾਬੀ ਦੇ ਪ੍ਰਵਾਨਿਆਂ ਤੈਨੂੰ, ਹੋਣ ਨਹੀਂ ਦੇਣਾ ਬੇਮੁਹਾਰਾ।

ਚੰਗਾ ਹੁੰਦਾ, ਪੰਜਾਬ ਦਾ ਇਹ ਨਵਾਂ ਵਜ਼ਾਰਤੀ,
ਛੋਟਾ-ਵੱਡਾ ਹਰ ਰੁਕਨ, ਵਫਾਦਾਰੀ ਦਾ ਹਲਫ਼ ਲੈਂਦਿਆਂ।
ਕਸਮ ਦੀ ਪਾਕੀਜ਼ਾ ਰਸਮ ਨੂੰ, ਗ਼ੈਰ ਪੰਜਾਬੀ ਕਲਫ਼ ਲਾਉਂਦਿਆਂ,
ਪ੍ਰਤਿਬੱਧ ਹੋ ਤਰਜੀਹ ਦੁਆਉਂਦਾ, ਰਾਜ ਭਾਸ਼ਾ ਨੂੰ ਉਚਿਆਉਂਦਾ।
ਬਣਾਈ ਰੱਖਦਾ ਗਿੱਲ ਸਾਹਿਬ ਦੀ ਪੰਜਾਬੀ ਦੀ ਨਵਾਬੀ ਨੂੰ,
ਤੇ ਵੱਜੇ ਜਿੰਦਰੇ ਖੋਲ੍ਹੀ ਜਾਂਦਾ, ਲਾ ਹਕੂਮਤੀ ਚਾਬੀ ਨੂੰ।

ਤੇਰੇ ਪੁਰਖਿਆਂ ! ਪਾਰਦਰਸ਼ੀ ਦੂਰਦਰਸ਼ੀ, ਪਰਜਾ ਨਾਲ ਹੋ ਸਮਰਦਰਸ਼ੀ,
ਪਹਿਲਾਂ ਸ਼ਾਹੀ ਰਿਆਸਤ ਪਟਿਆਲਾ, ਫਿਰ ਪੂਰੇ ਪੈਪਸੂ ਵਿੱਚ।
ਮਾਂ ਬੋਲੀ ਪੰਜਾਬੀ ਨੂੰ, ਰਾਜ ਭਾਸ਼ਾ ਦਾ ਦੇ ਹੁਲਾਰਾ,
ਹੱਥ ਕੰਗਣ ਦੀ ਆਰਸੀ ਵਾਂਗੂੰ, ਖੁਦ ਬਣੇ ਚਾਨਣ ਮੁਨਾਰਾ।
ਪੰਜਾਬੀ ਦੀ ਹੋਰ ਪ੍ਰਾਪਤੀ ਲਈ, ਯੂਨੀਵਰਸਿਟੀ ਦੀ ਸਥਾਪਤੀ ਲਈ,
ਤੇਰੇ ਰਾਜ ਘਰਾਨੇ ਦੇ ਸਿਰ ਬਝਦਾ ਹੈ, ਇਹ ਸਿਹਰਾ ਸਾਰਾ।

ਬਕੌਲ ਪ੍ਰੋ. ਮੋਹਨ ਸਿੰਘ, ਪ੍ਰਚਲਿਤ ਹੈ, ਇਕ ਕਾਵਿ ਅਖਾਣ,
ਲੋਕਾਂ ਦੇ ਇਸ ਲੋਕ-ਯੁੱਗ ਵਿੱਚ, ਲੋਕ ਹੀ ਚੜ੍ਹਨ ਪ੍ਰਵਾਨ।
ਇਸ ਸਥਾਈ ਕਾਵਿ-ਸੱਚ ਤੋਂ, ਬੇਮੁਖ ਕਦੇ ਨਾ ਹੋਈਏ,
ਲੋੜ ਪੈਣ ਤੇ ਵੋਟਾਂ ਮੰਗਣ ਵਾਂਗੂੰ, ਲੋਕ ਅਦਾਲਤ ਜਾ ਖਲੋਈਏ।
ਕੁਸ਼ਲ ਸ਼ਾਸਕ ਪ੍ਰਸ਼ਾਸਕ ਬਣ, ਲਈਏ ਲੋਕ-ਨਬਜ਼ ਪਛਾਣ,
ਮਾਂ-ਬੋਲੀ ਤੋਂ ਕੰਨੀ ਕਤਰਾਉਣੀ, ਹੋਣੀ ਨਹੀਂ ਹੁਣ ਆਸਾਨ।

ਜੇ ਮਾਂ ਬੋਲੀ ਰਾਜ ਭਾਸ਼ਾ ਨੂੰ, ਇਉਂ ਅੱਖੋਂ ਪਰੋਖੇ ਕਰੋਗੇ,
ਪੰਜਾਬ ਪੰਜਾਬੀ ਪੰਜਾਬੀਅਤ ਨਾਲ, ਧੋਖਾ ਨਹੀਂ ਧੋਖੇ ਕਰੋਗੇ।
ਬਣ ਦੀਦਾਵਰ ਤੇ ਪਰਖ ਕਰ, ਮਾਂ ਬੋਲੀ ਦੀ ਜਾਣ ਅਹਿਮੀਅਤ,
ਇਹ ਨਾਥਾਂ ਜੋਗੀਆਂ ਸੂਫੀਆਂ ਦੀ ਹੈ, ਪੂਰਵ ਨਾਨਕ ਕਾਲ ਜਮੀਅਤ।
'ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰੁ ਤੁਮਾਰੀ' ਮਾਰੀ ਤਣਜ਼ ਦਾ,
ਆਓ ਸਦੀਆਂ ਦਾ ਕਰਜ਼ ਉਤਾਰੀਏ, ਕੀਤੇ ਮੇਰੇ ਭਾਸ਼ਾਈ ਵਣਜ ਦਾ।

ਜੋ ਨਿੱਘ ਮਾਂ ਬੋਲੀ ਦੀ ਗੋਦੀ ਵਿੱਚ ਹੈ, ਸੁਣ ਸਰਦਾਰਾ,
ਉਸ ਦਾ ਨਾ ਕੋਈ ਹੋਰ ਬਦਨ ਹੈ, ਨਾ ਕੋਈ ਚਾਰਾ।
ਸੱਕੀ ਮਾਂ ਮਾਂ-ਬੋਲੀ ਨੂੰ, ਆਨੇ ਬਹਾਨੇ ਤੱਜ ਕੇ ਭੱਜ ਕੇ,
ਵਜੀਰੇ ਆਲ੍ਹਾ ਹੁੰਦਿਆਂ ਸੁੰਦਿਆਂ, ਕਿਉਂ ਮੰਗੀਏ ਨਿੱਘ ਉਧਾਰਾ।
ਵਿਸ਼ਵ ਦੇ ਹਰ ਕਿੱਤੇ ਖਿੱਤੇ ਵਿੱਚ,
ਉਚਤਮ ਪਦਵੀ ਪਾਈ ਬੈਠਾ ਹੈ ਪੰਜਾਬੀ ਪਿਆਰਾ,
ਅੱਜ ਕੁਲ ਦਨੀਆਂ ਵਿੱਚ ਲਗਭਗ ਤੇਰਾਂ ਕਰੋੜ ਤੋਂ ਵੱਧ ਹੈ, ਪੰਜਾਬੀ ਬੁਲਾਰਾ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

* * * * *






# Earth Day




Earth is the third planet from the sun and the densest, the fifth-largest of the eight planets in the solar system. Its also the largest of the solar system's four terrestrial planets. Earth is also called as Blue Planet.

The age of the earth is estimated at about 4.6 billion years. The history of the earth is studied in terms of geological eras, periods and epochs. The whole history is divided into three eras : Palaeozoic, Mesozoic and Cenozoic.

The earth moves in space in two distinct ways ie. Rotation and Revolution. (It rotates on its own axis from west to east once in a every 24 hours. It causes day and night. It revolves around the sun in orbit once in a every 365¼ days. It causes the seasons and the years.

Due to movement of earth, either by rotations or revolution day, night, summer and winter changes accordingly and following occur : Longest day in the northern hemispere is 21st June, shortest day in the North hemisphere is 22nd December, equal day and night in the northern hemisphere are 21st march and 23rd september. Longest day in the southern hemisphere is 22nd Dec., shortest day in the southern hemisphere is 21st march and equal day and night in the southern hemisphere is 21st March 22nd september.

As I wrote above that rotation and revolution also effects seasons. Seasons are the periods into which the years can be divided as a result of the climate conditions, mainly due to the changes in durations and intensity of solar radiation.

There are four seasons which occur during the movements of the earth.

**Spring :** when the sun is directly overhead the equator (21st march).

**Summer :** When the sun is directly overhead the tropic of cancer the north temperate zone experinces summer (21st June).

**Autumn :** When the sun returns to the equator and the North temperature zone experiences the season of automn (23rd September).

**Winter :** The sun is at the Tropic of Capricom and the north Temperature zone experiences winter (22nd december).

What is inside the earth....? : in next issue.

**Engineer Parminderjit Singh**

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# A Journey From Sikh to Khalsa

Guru Nanak strongly condemned the caste system of the Hindus. He said," castes are folly, names are folly, all creatures have one shelter that of God.

Guru Nanak established a new institution called the "Sangat". This consists of such a group of religious people as had altogether different principles. He advised them to establish Gurdwaras at every place and assemble there for prayers. The Sangat became an important instrument in propagating the teachings of Guru Nanak. The institution established faith in the Guru Nanak's teachings, taught equality democracy and started Langar Maryada.

Gurudwara literally means Guru's home. It is a place of worship for the Sikhs and others who believe and having faith in teachings of Guru Nanak. Guru Nanak held at the very first prayer of Sikhism at his home in Kartarpur. Many Gurdwaras have been built at important Sikh historical places in the memory of the events that occurred there. The most significant Gurudwara is Hari Mandir Sahib better known as Golden temple in Sri Amritsar. Now you find a Gurudwara where there lives a score of Sikhs families in any corner of the world. A Nishan Sahib flies at every Sikh Gurudwara.

**Gurcharan Singh Palia**
**Ex-General Secretary**



A Sikh is one who follows the Sikh religion. The word means disciple or learner. Sikhism is a divinely revealed religion founded by Guru Nanak (1469-1539 AD). A Sikh believes in the teachings of the ten Sikhs Gurus, the Guru Granth Sahib (the Sikh Holy Scripture). A pious Sikh makes efforts to live up to the principles, ideas and the code of conduct as described in the Guru Granth Sahib and in Sikh Rehat Maryada. Sikh believes in one God, in the equality of all human beings and respect gender equality as per the following principals.

i) KIRAT (work)
ii) WAND CHHAKNA (sharing)
iii) SEWA (service)
iv) SIMRAN (meditation)
v) KURBANI (Tolerance of other faiths, Non violence, well being of the entire humanity and self discipline)

**GURU SIKHI DE EHH NISHANI**
**SEWA SIMRAN TEY KURBANI**

Historically amrit in the Sikh tradition refers to the Baptismal water. Guru Gobind Singh concentrated for the initiatory rites promulgated in supersession of charan amrit at the time of creation of the Khalsa brotherhood. This is called khande da Amrit or nectar touched with the double edged sword. In the Sikhs tradition name given to this ceremony is PAHUL or amrit sanskar.

Guru Gobind Singh had no territorial ambitions and meant harm to no one, yet he hardly found peace for himself or those belonged to him

The Sikh identity had some confusion among the masses. This was felt when Guru Tegh Bahadur's scared body in 1675 remained lying for sometime in the Chandani Chownk Delhi after his execution. Bhai Lakhi Shah of Delhi, when visited Anandpur Sahib apprised Guru Gobind Singh with these facts and Guru Ji found the necessity to establish Khalsa to evolve an order which would keep as its ideal of life nothing but sacrifice for the cause of Dharma and would not accept either for themselves nor for other slavery either political or social or economic.

In 1699, Sikhs were preparing for a gathering at Anandpur Sahib to see Guru Gobind Rai (as he was

known at that time) and to celebrate Vaisakhi fair. The Guru Ji sent messages to all his followers all over the region that there would be special celebration on this occasion, thus Sikhs gathered in thousands at Anadpur Sahib. On the Vaisakhi day, March 30, 1699, the Guru Ji wore a special saffron coloured role with a blue waistband and held a long sword on his side. He welcomed the Sikhs and praised them for their devotion. He then drew his sword and declared "I want the head of Sikh who is prepared to give his or her life for the faith and the Guru. The dramatic act of Guru Ji test of the sense of obidence and devotion of his disciple. A pin drop silence prevailed, when Guru Ji repeated his words thrice, at that point the stunned crowd saw a Sikh, named Bhai Dya Ram of Lahore and Kashatri by caste, bowing before the Guru and offering his head. The Guru took him to a nearby tent. The congregation heard a loud thud and the Guru reaapeared on the stage, with his sword dripping of blood. At the subsequent calls of Guru Ji Bhai Dharam Das of Hastanapur, near Merrut a Jat by caste, Bhai Himmat Singh of Jagan Nath Puri Orissa a Kahar by caste, Bhai Mohkam Singh of dwaraka (Gujrat) a Chhimba by caste and Bhai Sahib Singh of Bidar (Karnataka) a barbar by caste, were taken into the tent one by one. After some time the Guru Ji and the five beloved reappeared. The five had the same dress as the Guru Ji. The Guru explained that this was a test of their courage, will and readiness to die for their faith and Guru. They were clad in new yellow garments with blue turban and wearing KANGA (comb) on KESH (unshorn hair), KARAH (iron bracelet), KACHHAIRA (shorts) and KIRPAN (sword), radiating dynamism and determination.

Guru Ji called five chosen ones Panj Piara (the five beloved ones) and then asked for an iron bowl, a Khanda (a double edged sword) and water. Guru Ji then amidst recitation of Divine world embodied in the scared hymons. Guru Ji put water in iron bowl, added in it five sweet Patassas given by Mata Sahib Kaur and began stirring it with the Khanda while chanting five Banis (Japu, jap, Chaupai ten savaiyya and Anand Sahib and asked the five Paiaray to repeat the Banis along with him. After preparing Amrit Guru Ji gave each of the Panj Piaray five palmsful of Amrit to drink and sprinkeled Amrit five times onto their eyes and hairs. Each time the Guru proclaimed "WAHEGURU JI KA KAHLSA. WAHEGURU JI KI FATEH " ( Khalsa belongs to God and victory belongs to God"_ and they repeated it. The Panj Piaray have become Kahlsa (army of God). He explained the Khalsa code of conduct called Rehat. The Panj Piaray took the solemn vows. Thus the nation of Khalsa was born and Singh was added to theirt names, then the Guru requested the Panj Piara to give that Amrit to him and also conferred upon him the title of Singh. Te title of Singh (Lion) was given to men and Kaur Princess to women. Guru Ji was conferred the title of Singh after taking Amrit and called Guru Gobind Singh.

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

Then Guru Gobind Singh said,"the Khalsa is the Guru and Guru is the Khalsa." There is no difference between you and me. Khalsa Panth will worship only Sri Guru Granth Sahib as eternal living Guru and shall bow before no other God or Goddess. The spirit of the Guru is immanent in the Khalsa. He attributed his success due to strength of his followers.

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀ ਮੋ ਸੇ ਗਰੀਬ ਕਰੋਰ ਪਰੇ ॥

**THE KHALSA IS MY DETERMINATE FORM**
**I AM IMMANENT IN THE KHALSA**

Thus the journey from Sikh to Khalsa was completed in 230 years period of eight Gurus to propogate the Sikhism.

These days, the Amrit ceremony can be performed at any place/ time, as long as it is organized by five initiated Sikhs. We must become Guru's Sikhs for which taking of Amrit is mandatory, Amrity makes, us brave and fearless.

Creation of Khalsa was a great revolution in Indian history, where old caste system disapperread and replaced with one caste "Khalsa which is described as selfless service of humanity you are Khalsa if:-

a) Wearing 5 Kakras

b) Had been baptized with Amrit of Khanda Bata.

c) Pecite five scared scriptural composition daily (Morning, evening and night)

d) Donot distinction caste

e) Do not perform the following four forbidden acts

i) Never use tobacco, alcohol or other intoxicated drugs.

ii) Never cut hair from any part of your body

iii) Never indulge in adultery

iv) Never eat Halal(meat of an animal killed slowly/ by any Kalma or ritual slaughter.

